(1)

65 ਮਾਲਾ ਮੀਰ
ਅਤੇ
ਹੋਲਾ ਮਹਲਾ ਯੂ. ਕੇ. ਮੀਰ

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ: ....
....
ਸ੍ਰੀ ਭੈਣੀ ਸਾਹਿਬ

੨੦੪੨ 1985

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਸਤਿਜੁਗ ਦਾ ਬਸੰਤ ਅੰਕ 2052 ੨ ਫਗਣ ੨੦੪੨

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਸਤਿਜੁਗ

(ਜਿਲਦ ਨੰ: ੬੧) ਦਾ (ਨੰਬਰ ੧-੨)

ਬਸੰਤ ਅੰਕ

ਜਿਸ ਵਿਚ

੬੫ ਸਾਲਾ ਅੰਕ

ਅਤੇ

ਹੋਲਾ ਮਹੱਲਾ ਯੂ. ਕੇ. ਅੰਕ ਸ਼ਾਮਿਲ ਹਨ

ਇਹਨਾਂ ਵਿਸ਼ੇਸ਼ ਅੰਕਾਂ ਦੇ ਸੰਪਾਦਕ ਪ੍ਰੀਤਮ ਸਿੰਘ ਪੰਛੀ

ਸਹਾਇਕ

ਆਤਮਾ ਸਿੰਘ ਸਨਖਤ੍ਰਵੀ

Sri Satguru Jagjit Singh Ji Elibrary NamdhariElibrary@gmail.com

ਹਨ। ਗੁਰੂ ਜੀ ਨੇ ਭਾਈ ਗੁਰਦਾਸ ਜੀ ਅਤੇ ਬਾਬਾ ਬੁਢਾ ਜੀ ਨੂੰ ਭੇਜਿਆ ਪਰ ਉਹ ਪੋਥੀਆਂ ਲਿਆਉਣ ਵਿਚ ਸਫਲ ਨਾ ਹੋ ਸਕੇ।

ਉਪ੍ਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਗਏ ਗਾਇਨ ਕਰਕੇ ਐਸੀ ਉਸਤਤਿ ਕੀਤੀ,ਕਿ ਚੌਬਾਰੇ ਵਿਚੋਂ ਮੋਹਨ ਜੀ ਆਪ ਉਤਰ ਕੇ ਆਏ ਅਤੇ ਨਿਮਰਤਾ ਸਹਿਤ ਪੁਸਤਕਾਂ ਗੁਰੂ ਜੀ ਨੂੰ ਲਿਆ ਕੇ ਦਿਤੀਆਂ।

ਇਹ ਸਾਰਾ ਸੰਗ੍ਰਹਿ ਲੈਕੇ ਆਪ ਭੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਿੰਨ ਭਿੰਨ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਇਸੇ ਸਮੇਂ ਭਗਤਾਂ ਨੇ ਆਕੇ ਬੇਨਤੀ ਕੀਤੀ ਸਾਡੀ ਬਾਣੀ ਭੀ ਆਪ ਲਿਖੋ। ਸ੍ਰੀ ਗੁਰੂ ਜੀ ਨੇ ਪਹਿਲਾਂ ਭਗਤਾਂ ਪਾਸੋਂ ਬਾਣੀ ਸੁਣੀ,ਫਿਰ ਆਗਿਆ ਕੀਤੀ ਕਿ ਸਾਡੀ ਅਨੁਸਾਰੀ ਬਾਣੀ ਉਚਾਰੋ। ਭਗਤਾਂ ਨੇ ਆਗਿਆ ਦਾ ਪਾਲਨ ਕੀਤਾ। ਭਗਤਾਂ ਦੀ,ਭਟਾਂ ਦੀ ਅਤੇ ਆਪਣੇ ਤੋਂ ਪੂਰਬ ਸਤਿਗੁਰਾਂ ਦੀ ਬਾਣੀ ਰਾਗ ਕਰਮ ਅਨੁਸਾਰ ਲਿਖਕੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ।

ਗੁਰੂ ਅਰਜਨ ਦੇਵ ਜੀ ਨੇ ਬੀੜ ਦਾ ਅਦਬ ਕੀਤਾ। ਪੀੜ੍ਹੇ ਉਪਰ ਰਖਕੇ ਉਪਰ ਚੌਰ ਕੀਤਾ ਅਤੇ ਜੋ ਈਸ਼ਵਰੀ ਉਪਦੇਸ਼ ਇਸ ਵਿਚ ਲਿਖੇ ਹੋਏ ਹਨ ਉਨ੍ਹਾਂ ਨੂੰ ਆਪਣੇ ਜੀਵਨ ਦਾ ਨਕਸ਼ਾ ਬਣਾਕੇ ਮੰਨਣ ਦੀ ਆਗਿਆ ਕੀਤੀ।

ਆਪਣੇ ਪਿਤਾ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੀ ਲਿਖਤ "ਜੁਗਹ ਜੁਗੋ ਹਰਿ ਜੁਗਹ ਜੁਗੋ ਸਦ ਪੀੜ੍ਹੀ ਗੁਰੂ ਚਲੰਦੀ" ਦਾ ਪਾਲਣ ਕਰਦੇ ਹੋਏ,ਆਪ ਜੀ ਨੇ ਆਪਣੇ ਯੋਗ ਸਪੁਤ੍ਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਗੁਰੂ ਸਥਾਪਨ ਕੀਤਾ।

ਸ੍ਰੀ ਗੁਰੂ ਹਰਿਗੋਬਿੰਦ ਜੀ ਜਦ ਤਖ਼ਤ ਤੇ ਬਿਰਾਜਮਾਨ ਹੋਏ ਤਦ ਮੁਗਲ ਰਾਜ ਜ਼ੋਰਾਂ ਤੇ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਭੀ ਮੁਗਲ ਰਾਜ ਦੇ ਇਕ ਮੁਖ ਕਰਮਚਾਰੀ ਦੇ ਹਥੀਂ ਹੋਈ ਸੀ। ਕਈ ਐਸੇ ਕਾਰਣਾਂ ਕਰਕੇ,ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਮੁਗਲ ਰਾਜ ਦਾ ਵਿਰੋਧ ਕੀਤਾ ਅਤੇ ਆਪ ਜੀ ਨੇ ਚਾਰ ਜੰਗ ਮੁਗਲ ਸ੍ਰਕਾਰ ਨਾਲ ਲੜੇ। ਚਾਰੇ ਲੜਾਈਆਂ ਵਿਚ ਮੁਗਲ ਸ੍ਰਕਾਰ ਨੇ ਹਾਰ ਖਾਧੀ।

ਐਸੇ ਜੰਗਜੁਧਾਂ ਵਿਚ ਵਯਸਤ ਰਹਿਣ ਕਰਕੇ ਗ੍ਰੰਥ ਸਾਹਿਬ ਦੀ ਬੀੜ ਵਲ ਆਪ ਪੂਰਾ ਧਿਆਨ ਨਹੀਂ ਦੇ ਸਕੇ। ਪਰ ਇਸ ਦਾ ਅਦਬ ਅਤੇ ਸਿਖੀ ਮਰਯਾਦਾ ਨੂੰ ਆਪ ਨੇ ਪੂਰਨ ਰੂਪ ਵਿਚ ਕਾਇਮ ਰਖਿਆ। ਆਪਣੀ ਅਵਸਥਾ ਦੇ ਪਿਛਲੇ ਸਾਲਾਂ ਵਿਚ ਆਪ ਕੀਰਤਪੁਰ ਆ ਗਏ ਏਥੇ ਹੀ ਜੋਤੀ ਜੋਤ ਸਮਾਏ। ਆਪ ਜੀ ਦੇ ਪੋਤਰੇ ਧੀਰ ਮਲ ਨੇ,ਆਪ ਜੀ ਦੇ ਸ੍ਰੀ ਅੰਮ੍ਰਿਤਸਰ ਹੁੰਦੇ ਹੋਏ ਹੀ ਆਦਿ ਬੀੜ ਓਥੋਂ ਲੈ ਆਂਦੀ ਅਤੇ ਕਰਤਾਰਪੁਰ ਆ ਗਿਆ।

ਬੀੜ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਆਗਿਆ ਲੈਕੇ ਜਾਂ ਬਿਨਾਂ ਆਗਿਆ ਤੋਂ ਹੀ ਕਰਤਾਰਪੁਰ ਲਿਆਂਦੀ ਗਈ,ਇਸ ਦਾ ਭਰੋਸੇਯੋਗ ਪ੍ਰਮਾਣ ਇਤਿਹਾਸ ਵਿਚੋਂ ਨਹੀਂ ਮਿਲ ਰਿਹਾ। ਪਰ ਧੀਰ ਮਲ ਦਾ ਗੁਰੂ ਹਰਿਗੋਬਿੰਦ ਜੀ ਪ੍ਰਤੀ ਵਰਤਾਉ ਪੜ੍ਹਕੇ ਮਲੂਮ ਹੁੰਦਾ ਹੈ ਕਿ ਬੀੜ ਗੁਰੂ ਜੀ ਦੀ ਆਗਿਆ ਤੋਂ ਬਿਨਾਂ ਹੀ ਉਹ ਲੈ ਆਇਆ ਹੋਇਗਾ। ਕੁਝ ਭੀ ਹੋਵੇ,ਸ੍ਰੀ ਗੁਰੂ ਹਰਿ ਗੋਬਿੰਦ ਜੀ ਅਤੇ ਧੀਰਮਲ ਦਾ ਆਪਸ ਵਿਚ ਵਿਰੋਧ ਬਣ ਚੁਕਾ ਸੀ ਜਿਸਦੇ ਦੋ ਪ੍ਰਮਾਣ ਅੰਕਤ ਹਨ।

ਇਕ ਤਾਂ ਏਹ ਕਿ ਧੀਰਮਲ ਵਡਾ ਸੀ ਅਤੇ ਸ੍ਰੀ ਹਰਿ ਰਾਇ ਜੀ ਛੋਟੇ ਪੋਤਰੇ ਸਨ। ਗੁਰਿਆਈ ਛੋਟੇ ਪੋਤਰੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਦਿਤੀ। ਦੂਜਾ ਪ੍ਰਮਾਣ ਬਾਣੀ ਬਿਓਰੇ ਵਿਚੋਂ ਮਿਲਦਾ ਹੈ।

ਬਾਣੀ ਬਿਓਰੇ ਦਾ ਕਰਤਾ ਲਿਖਦਾ ਹੈ ਕਿ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਸਚਖੰਡ ਪਿਆਨਾ ਕਰਨ ਉਪ੍ਰੰਤ ਪਾਠ ਕਰਨ ਵਾਸਤੇ ਧੀਰਮਲ ਪਾਸੋਂ ਬੀੜ ਮੰਗਵਾਈ ਅਤੇ ਉਸਨੇ ਇਨਕਾਰ ਕਰ ਦਿਤਾ, ਭਾਈ ਬਿਧੀ ਚੰਦ ਨੇ ਪਹਿਲਾਂ ਕੋਈ ਉਤਾਰਾ ਕੀਤਾ ਸੀ ਜੋ ਬਿਲਾਵਲ ਦੀ ਭਗਤ ਬਾਣੀ ਤਕ ਹੀ ਸੀ,ਉਸੇ ਤੋਂ ਪਾਠ ਕੀਤਾ ਗਿਆ।

ਧੀਰਮਲ ਨਾਲ,ਬੀੜ ਆਪਣੀ ਮਰਜ਼ੀ ਨਾਲ ਓਥੋਂ ਲਿਔਣ ਕਰਕੇ ਵਿਰੋਧ ਹੋਇਆ ਜਾਂ ਹੋਰ ਕਿਸੇ ਕਾਰਨ ਹੋਇਆ,ਇਹ ਪਤਾ ਨਹੀਂ,ਪਰ ਵਿਰੋਧ ਸਪਸ਼ਟ ਹੈ।



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਨਾਮਧਾਰੀ ਪੰਥ ਦੇ ਮੁਖੀ ਅਤੇ ਸੂਬੇ ਜਿਨਾਂ ਨੇ ਦੇਸ਼ ਆਜ਼ਾਦੀ, ਪੰਥ ਪ੍ਰਚਾਰ ਅਤੇ "ਸਤਿਜੁਗ" ਦੀ ਅਣਥਕ ਸੇਵਾ ਕੀਤੀ ਖਬੇ ਤੋਂ ਸ,ਜੇ : ੧. ਸੰਤ ਇੰਦ੍ਰਸਿੰਘ ਜੀ ਚਕਰਵਰਤੀ ੨. ਸੂਬਾ ਹਰੀ ਸਿੰਘ ਜੀ ੩. ਸ. ਦਇਆ ਸਿੰਘ ਜੀ ੪. ਸ: ਭਗਤੂ ਸਿੰਘ ਜੀ ੫. ਸੰਤ ਭਗਤ ਸਿੰਘ ਜੀ ਸਬਾ. ਦਾਤੇਵਾਲ ।

Sri Satguru Jagjit Singh Ji Elibrary NamdhariElibrary@gmail.com

ਭਰਮ ਭੂਲੇ ਅਗਿਆਨੀ ਅੰਧੁਲੇ
ਭ੍ਰਮਿ ਭ੍ਰਮਿ ਫੂਲ ਤੋਰਾਵੈ।
ਨਿਰਜੀਉ ਪੂਜਹਿ ਮੜਾ ਸਰੇਵਹਿ
ਸਭ ਖਿਰਥੀ ਘਾਲ ਗਵਾਵੈ ।੩।
ਬ੍ਰਹਮ ਬਿੰਦੇ ਸੋ ਸਤਿਗੁਰ ਕਹੀਐ
ਹਰਿ ਹਰਿ ਕਥਾ ਸੁਣਾਵੈ।
ਤਿਸੁ ਗੁਰ ਕਉ ਛਾਦਨ ਭੋਜਨ ਪਾਟਪਟੰਬਰ
ਬਹੁ ਬਿਧਿ ਸਤਿ ਕਰਿ ਮੁਖ ਸੰਚਹੁ
ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ ।੪।
ਸਤਿਗੁਰ ਦੇਉ ਪਰਤਖਿ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ।

(ਮਲਾਰ ਮਹਲਾ ੪)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਰ ਚੁਕੀ ਹੋਈ ਸਿਖੀ ਵਿੱਚ ਜਾਨ ਪਾਈ। ਸਿਖਾਂ ਨੂੰ ਗੁਰਬਾਣੀ ਦਾ ਅਦਬ ਕਰਨਾ ਦਸਿਆ ਕਿ ਪੜ੍ਹਕੇ ਵੀਚਾਰਕੇ ਇਸ ਵਿਚ ਸਤਿਗੁਰੂ ਦੇ ਲਿਖੇ ਹੋਏ ਹੁਕਮ ਨੂੰ ਮਨ ਕਰਕੇ ਮੰਨਣ ਕਰੋ। ਆਪ ਜੀ ਦਾ ਏਹ ਹੁਕਮ ਸੀ ਕਿ ਅਰਦਾਸ ਕਰਨ ਵੇਲੇ ਅਰਜ਼ ਕਰਿਆ ਕਰੋ ਕਿ ਹੇ ਅਕਾਲ ਪੁਰਖ ਜੋ ਤੈਂ ਗੁਰੂ ਰੂਪ ਧਾਰਕੇ ਹੁਕਮ ਦਿਤਾ ਹੈ ਗ੍ਰੰਥ ਸਾਹਿਬ ਮੈਂ ਸੋ ਤੂੰ ਆਪਣਾ ਹੁਕਮ ਸਦਾ ਹੀ ਮਨਾਈਂ।

ਗ੍ਰੰਥ ਸਾਹਿਬ ਨੂੰ ਗੁਰੂ ਆਖਣ ਵਾਲੇ ਅਜ ਕਿਤਨ ਦਾਵੇ ਕਰੀ ਜਾਣ। ਕਿਤਨੇ ਲੇਖ ਲਿਖੀ ਜਾਣ, ਰੇਡੀਓ ਤੋਂ ਭੀ ਆਪਣਾ ਪ੍ਰਚਾਰ ਕਰੀ ਜਾਣ ਪਰ ਇਹ ਸਭ ਬਨਾਵਟਾਂ ਹਨ। ਇਨ੍ਹਾਂ ਵਿਚ ਸਚਾਈ ਨਹੀਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਵੇਂ ਸਿੰਘਾਂ ਦੇ ਹਿਰਦੇ ਵਸਕੇ ਗੁਰਬਾਣੀ ਦਾ ਅਖਰ ਅਖਰ ਉਨ੍ਹਾਂ ਪਾਸੋਂ ਮੰਨਣ ਕਰਵਾਕੇ ਅਦਬ ਕਰਾਇਆ। ਇਹ ਸੂਰਜ ਦੀ ਤਰ੍ਹਾਂ ਰੌਸ਼ਨ ਹੈ। ਇਸਨੂੰ ਚਨੌਤੀ ਨਹੀਂ ਦਿਤੀ ਜਾ ਸਕਦੀ।

ਤੋਪਾਂ ਅਗੇ ਛਾਤੀਆਂ ਤਨਾਉਂਦਾ ਕੋਈ ਦੇਸ਼ ਲਈ

ਜਸਬੀਰ ਸਿੰਘ 'ਮੌਜੀ'

ਸੂਲੀ ਉਤੇ ਜਿੰਦ ਨੂੰ ਚੜ੍ਹਾਉਂਦਾ ਕੋਈ ਦੇਸ਼ ਲਈ,
ਤੋਪਾਂ ਅਗੇ ਛਾਤੀਆਂ ਤਨਾਉਂਦਾ ਕੋਈ ਦੇਸ਼ ਲਈ।
ਤੀਰਾਂ ਦੇ ਨਿਸ਼ਾਨੇ ਸੀਨੇ ਲਾ ਗਏ ਕਈ,
ਮੁਗਲਾਂ ਦੇ ਜੰਗਾਂ ਵਿਚ ਸਥਰ ਵਿਛਾ ਗਏ ਕਈ।
ਸੂਲਾਂ ਉਤੇ ਸੇਜ ਨੂੰ ਵਿਛਾਉਂਦਾ ਕੋਈ ਦੇਸ਼ ਲਈ,
ਸੂਲੀ ਉਤੇ ਜਿੰਦ ਨੂੰ ਚੜ੍ਹਾਉਂਦਾ ਕੋਈ ਦੇਸ਼ ਲਈ।
ਕੌਮ ਲਈ ਸ਼ਹੀਦੀਆਂ ਕਈ ਪਾ ਗਏ ਪਿਆਰੇ ਨੇ,
ਪਿਤਾ ਦਸਮੇਸ਼ ਦੇ ਸ਼ਹੀਦ ਹੋਏ ਦੁਲਾਰੇ ਨੇ।
ਤਲੀ ਉਤੇ ਸੀਸ ਨੂੰ ਟਿਕਾਉਂਦਾ ਕੋਈ ਦੇਸ਼ ਲਈ,
ਸੂਲੀ ਉਤੇ ਜਿੰਦ ਨੂੰ ਚੜ੍ਹਾਉਂਦਾ ਕੋਈ ਦੇਸ਼ ਲਈ।
ਗਊ ਤੇ ਗ੍ਰੀਬ ਲਈ ਦੇਕੇ ਕੁਰਬਾਨੀਆਂ,
ਛਡ ਗਏ,ਸ਼ਹੀਦ ਕੂਕੇ ਜਗ ਤੇ ਨਿਸ਼ਾਨੀਆਂ।
ਕਾਲੇ ਪਾਣੀਆਂ ਦੇ ਵਲ ਜਾਂਦਾ ਕੋਈ ਦੇਸ਼ ਲਈ,
ਸੂਲੀ ਉਤੇ ਸੀਸ ਨੂੰ ਚੜ੍ਹਾਉਂਦਾ ਕੋਈ ਦੇਸ਼ ਲਈ।

--0--



ਸ੍ਰੀ ਜੀਵਨ ਨਗਰ ਵਿਖੇ ਹੋਈ ਪਸ਼ੂ ਪ੍ਰਦਰਸ਼ਨੀ ਸਮੇ, ਸ੍ਰੀ ਸਤਿਗੁਰੂ ਜੀ ਆਪਨੀਆਂ ਉਨਤ ਕੀਤੀਆਂ ਹਰਿਆਣਾ ਤੇ ਸਾਹੀਵਾਲ ਨਸਲ ਦੀਆਂ ਗਊਆਂ ਨਾਲ। ਸਤਿਗੁਰੂ ਜੀ ਦੇ ਸਜੇ ਸ੍ਰ: ਹਰਬੰਸ ਸਿੰਘ ਜੀ ਅਸਿਸਟੈਂਟ ਕਮਿਸ਼ਨਰ ਪਸ਼ੂ ਪਾਲਿਕ ਵਿਭਾਗ ਭਾਰਤ ਸ੍ਰਕਾਰ ਅਤੇ ਚੌਧਰੀ ਰਾਮ ਨਰੈਣ ਜੀ ਹਨ।



ਸੰਮਤ ੨੦੦੦ ਸ੍ਰੀ ਭੈਣੀ ਸਾਹਿਬ ਮੇਲੇ ਤੇ ਪਸ਼ੂ ਪ੍ਰਦਰਸ਼ਨੀ ਤੋਂ ਬਾਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਲ।
ਖਬੇ ਤੋਂ ਸਜੇ। ੧. ਸ੍ਰ. ਦਿਲੀਪ ਸਿੰਘ ਲਧੱੜ ਜਾਹਲ ੨. ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ੩. ਗਿਆਨੀ ਤੇਜਾ ਸਿੰਘ ਜੀ
੪. ਸ੍ਰ: ਤਾਰਾ ਸਿੰਘ ਜੀ ੧੦੬ ਚੱਕ (ਜਿ: ਮੁਲਤਾਨ) ਪਿਛੇ ਖੜੇ ੫. ਭਾਈ ਸਾਹਿਬ ਅਰਜਨ ਸਿੰਘ ਜੀ ਬਾਗੜੀਆਂ
੬. ਅਤੇ ੭ ਅਣ ਪਛਾਤੇ ੮. ਸ੍ਰ: ਬਲਵੰਤ ਸਿੰਘ ਜੀ ਗਜਰਾਜ ਕਵੀ ਪਟਿਆਲਾ ਅਗਲੇ ਦੋ ਅਣ ਪਛਾਤੇ

Sri Satguru Jagjit Singh Ji Elibrary NamdhariElibrary@gmail.com

ਪੰਜ ਪੰਜ ਸੌ ਦਿੜਾ ਸੌ ਸੌ ਮੁਰਗਾ, ਤੇ ਪੰਜ ਪੰਜ ਬਕਰਿਆਂ ਦਾ ਮਾਸ ਪੈਂਦਾ ਸੀ। ਅਫੀਮੀ ਇਤਨਾ ਸੀ ਕਿ ਬਾਹਰ ਰੁਖਾਂ ਨਾਲ ਅਫੀਮ ਲਾਈ ਰੱਖਣੀ ਕਿ ਜਦ ਕਿਸ ਪਾਸੇ ਜਾਵੇ ਤੇ ਲੋੜ ਪਏ ਤਾਂ ਘਰ ਮੁੜਣ ਦੀ ਖੇਚਲ ਨ ਕਰਨੀ ਪਵੇ। ਸਤਿਗੁਰੂ ਰਾਮ ਸਿੰਘ ਜੀ ਨੇਤਰ ਕਰ ਇਕੋ ਵਾਰ ਕਹਿਆ "ਦੂਬਾਰਾ ਸਿੰਘ ਸੁਟ ਦੇ ਡਬੀ" ਬਸ ਮੁੜ ਲੋੜ ਨਹੀਂ ਪਈ। ਘਰ ਆਕੇ ਕੁਕੜ ਬਕਰੀਆਂ ਦੀਆਂ ਰਸੀਆਂ ਖੋਲ੍ਹ ਦਿਤੀਆਂ। ਬੋਤਲਾਂ ਭੰਨ ਦਿਤੀਆਂ ਤੇ ਲਾਹਣ ਡੋਲ ਦਿਤੀ। ਦੇਵਤਾ ਬਣ ਗਿਆ। ਇਸਤਰਾਂ ਖਤਰਾਂ ਨਗਰ ਦੇ ਦੁਰਛੇ ਸ਼ਰਾਬ ਪੀਕੇ ਦੀਵਾਨ ਇਸਥਾਨ ਤੇ ਡਾਂਗਾ ਚੁਕੀ ਆਏ ਕਿ ਅਜ ਤਰਖਾਣ ਦੀ ਗੁਰਿ–ਆਈ ਕੱਢ ਦੇਣੀ ਏ। ਪਰ ਹੋਇਆ ਕੀ ? ਦੀਵਾਨ ਲਗਿਆ ਕਿ ਬੱਕਰੇ ਬੁਲਾਣ ਲਗ ਪਏ। ਸਤਿਗੁਰੂ ਜੀ ਇਕ ਵੇਰ ਨਿਗਾਭਰ ਕਹਿਆ "ਓਏ ਪ੍ਰਤਾਪਸਿੰਘ ਖੁਸ਼ਹਾਲ ਸਿੰਘ ਬਸ ਭਾਈ ਬਸ।" ਡਾਂਗਾਂ ਔਹ ਜਾ ਪਈਆਂ ਮਸਤ ਹੋ ਦੀਵਾਨ ਵਿਚ ਲੋਟਣੀਆਂ ਲੈਣ ਲਗ ਪਏ। ਭਜਨ ਦਸਿਆ ਗਇਆ। ਸੁਰਤਾਂ ਅਕਾਸ਼ਾਂ ਤੇ ਹੁਲਾਰੇ ਖਾਣ ਲਗ ਪਈਆਂ। ਹੌਲੇ ਫੁਲ ਹੋਕੇ ਘਰਾਂ ਨੂੰ ਗਏ।

ਸਰ ਡਾਕਟਰ ਗੋਕਲ ਚੰਦ ਨਾਰੰਗ ਨੇ ਲਿਖਿਆ ਹੈ ਕਿ ਸਾਡੇ ਸਨਬੰਧੀਆਂ ਵਿਚੋਂ ਇਕ ਹੁਕੇ ਦਾ ਬੜਾ ਨਸ਼ਈ ਸੀ। ਸੁਭਾਗ ਨਾਲ ਉਹ ਕੂਕਿਆਂ ਦੇ ਦੀਵਾਨੰ ਵਿਚ ਗਇਆ। ਉਹ ਸਭ ਐਬ ਛਡਕੇ ਘਰ ਨੂੰ ਮੁੜਿਆ। ਪਛਾਣਿਆ ਨਾ ਜਾਵੇ। ਸਾਦ ਮੁਰਾਦਾ ਚਿਟੇ ਬਸਤਰ, ਗਲ ਵਿਚ ਮਾਲਾ ਪੂਰਾ ਸੰਤ। ਫਿਰ ਕਿਤੇ ਅਮਲ ਵਿਚ ਨਹੀਂ ਦੇਖਿਆ, ਇਹ ਤਾਂ ਹੋਈਆਂ ਖਾਣ ਪੀਣ ਦੀਆਂ ਘਟਨਾਵਾਂ। ਹੋਰ ਸੁਣੋ ਭਰਾਤਰੀ ਭਾਵ ਦੇ ਨਸ਼ਿਆਂ ਵਾਲੇ ਨਮੂਨੇ।

ਭਾਈ ਦੇਵਾ ਸਿੰਘ ਲਾਹੌਰ ਵਿਚ ਰਹਿੰਦਾ ਸੀ। ਉਸਦਾ ਉਥੇ ਰੂੰ ਦਾ ਕਾਰਖਾਨਾ ਸੀ। ਇਹ ਗਲ ਕੋਈ ਨੱਬੇ ਕੁ ਸਾਲ ਦੀ ਹੈ। ਉਹਦੇ ਕਾਰਖਾਨੇ ਨੂੰ ਅੱਗ ਲੱਗ ਗਈ, ਉਹ ਸੜਕੇ ਸਵਾਹ ਹੋ ਗਿਆ। ਮਾਇਆ ਦੀ ਲੋੜ ਪੈ ਗਈ ਤਾਂ ਉਹ ਨਾਰਲੀ ਦੇ ਸ੍ਰਦਾਰ ਬਘੇਲ ਸਿੰਘ ਦੇ ਪਾਸ ਗਇਆ ਤੇ ਸਾਰੀ ਵਿਥਿਆ ਸੁਣਾਈ। ਸ੍ਰ: ਨੇ ਪੁਛਿਆ ਕਿ ਕਿੰਨੀ ਮਾਇਆ ਚਾਹੀਦੀ ਹੈ। "ਕੁਲ ੩੬੦੦੦" "ਲੱਦੇ ਖੁਰਜੀਆ' ਦੜੋਪਿਆਂ ਨਾਲ ਮਿਣ ਮਿਣ ਰੁਪਏ ਪਾਏ,, 'ਸ੍ਰਦਾਰਾ ਕੋਈ ਨਾਵਾਂਪਤਰਾ?'' "ਵਾਹ ਭੋਲਿਆ ਭਾਈ ਦੇਵਾ ਸਿੰਘ ਤੂੰਵੀ ਸਤਿਗੁਰੂ ਰਾਮ ਸਿੰਘ ਜੀ ਦਾ ਸਿਖ ਮੈਂ ਵੀ ਉਸ ਘਰ ਦਾ ਕੂਕਰ। ਇਹ ਸਭ ਮਾਇਆ ਉਸ ਘਰਦੀ ਹੈ, ਜਦ ਹੋਵੇਗੀ ਤਾਂ ਦੇ ਜਾਵੀਂ, ਨਾਵੇਂ ਪਤਰੇ ਦੀ ਲੋੜ ਨਹੀਂ।"

ਸਤਿਗੁਰਾਂ ਦੇ ਬਚਨ ਵਿਚ ਕਿਤਨਾਂ ਬਲ ਸੀ, ਇਹਦੀ ਵੀ ਉਦਾਹਰਣ ਅਲੌਕਿਕ ਹੈ। ਲੋਪੋਕੇ ਦੇ ਨਿਹਾਲ ਸਿੰਘ ਨੇ ਕਿਸੇ ਸ਼ਾਹੂ ਕਾਰ ਪਾਸੋਂ ਰੁਪਇਆ ਕਰਜ਼ਾ ਲਿਆ। ਉਸਨੇ ਕੋਈ ਨਾਵਾਂ ਪੱਤਰਾਂ ਨਾ ਲਿਖਵਾਇਆ। ਕੁਝ ਸਮੇਂ ਉਪ੍ਰੰਤ ਸ਼ਾਹੂ ਕਾਰ ਪੈਸੇ ਮੰਗੇ। ਨਿਹਾਲ ਸਿੰਘ ਪਾਸ ਪੈਸੇ ਹੈ ਨਹੀਂ ਸਨ, ਉਸ ਤਰਲਾ ਮਿਨਤ ਕੀਤੀ ਮਗਰ ਸ਼ਾਹੂ ਕਾਰ ਬਜਿਦ ਸੀ। ਉਸ ਦਾਵਾ ਕਰ ਦਿਤਾ ਪਰ ਕਚਹਿਰੀ ਵਿਚ ਜਾਕੇ ਨਿਹਾਲ ਸਿੰਘ ਮੁਕਰ ਗਿਆ। ਸ਼ਾਹੂ ਕਾਰ ਪਾਸ ਕੋਈ ਲਿਖਤ ਨਹੀਂ ਸੀ। ਉਸਦਾ ਮੁਕਦਮਾਂ ਖਾਰਿਜ ਹੋ ਗਿਆ। ਗਰੂ ਹਰੀ ਸਿੰਘ ਨੂੰ ਪਤਾ ਲੱਗਾ, ਉਹਨਾਂ ਨਿਹਾਲ ਸਿੰਘ ਨੂੰ ਬੁਲਾਇਆ ਤੇ ਕਹਾਣੀ ਪੁਛੀ। ਉਸ ਕਹਿਆ– ਜੀ ਮੇਰੇ ਪਾਸ ਪੈਸੇ ਨਹੀਂ ਹਨ। ਮੈਂ ਬਥੇਰਾ ਅਰਜ਼ ਮਾਜਿਰਾ ਕੀਤਾ, ਪਰ ਸ਼ਾਹੂਕਾਰ ਨਹੀਂ ਸੀ ਮੰਨਦਾ ਤਾਂ ਹੀ ਮੁਕਰਨਾ ਪਿਆ। ਗੁਰੂ ਜੀ ਹੁਕਮ ਕੀਤਾ "ਆਹਲੈ ਪੈਸੇ ਤੇ ਮੂੰਹ ਕਾਲਾ ਕਰਕ ਉਸੇ ਕੱਚਹਿਰੀ ਵਿਚ ਜਾ ਕੇ ਪੈਸੇ ਮੋੜਕੇ ਆ" ਨਿਹਾਲ ਸਿੰਘ ਮੂੰਹ ਕਾਲਾ ਕਰ ਕਚਹਿਰੀ ਗਿਆ ਤੇ ਪੈਸੇ ਮੇਜ਼ ਤੇ ਰੱਖ ਦਿਤੇ। ਤੇ ਨਾਲ ਹੀ ਸਾਰੀ ਵਿਥਿਆ ਸੁਣਾ ਦਿਤੀ। ਜਜ ਨੇ ਪ੍ਰਸੰਸਾ ਕਰਦਿਆਂ ਕਹਿਆ, "ਵਾਹ ਕੂਕਿਓ, ਧੰਨ ਤੁਸੀਂ ਤੇ ਧੰਨ ਤੁਹਾਡਾ ਗੁਰੂ ਜਿਸਦੇ ਬਚਨਾਂ ਤੇ ਖਿੜੇ ਮਥੇ ਚਲਦੇ ਹੋ।"

ਏਥੇ ਹੀ ਬਸ ਨਹੀਂ, ਸੁਹਾਲੀ ਦੇ ਸਿੰਘ ਅਪਣੇ ਵਛੇ ਕਟੂਆਂ ਦੇ ਮੂੰਹ ਬੰਨ੍ਹਕੇ ਲਿਆਇਆ ਕਰਦੇ ਸਨ ਤਾਂ ਕਿ ਦੂਸਰੇ ਦੀ ਪੈਲੀ ਦਾ ਪੱਠਾ ਮੂੰਹ ਨ ਪਾ ਲੈਣ। ਮਾਈਆਂ ਬੀਬੀਆਂ ਬਗਾਨੀ ਪੈਲੀ ਦਾ ਸਾਗ

ਹਿੰਦੂ ਸਿਖ ਮਿਲਾਪ ਕਾਨਫ੍ਰੰਸ ਸ੍ਰੀ ਭੈਣੀ ਸਾਹਿਬ

੨੫ ਮਾਰਚ ੧੯੪੩

ਡਾ: ਸਰ ਗੋਕਲ ਚੰਦ ਤਕਰੀਰ ਕਰ ਰਹੇ ਹਨ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸਟੇਜ ਤੇ ਬੈਠੇ ਉਘੇ ਸਜਨ ਹਨ ।
੧. ਸੇਠ ਜੁਗਲ ਕਿਸ਼ੋਰ 'ਬਿਰਲਾ' ੨. ਗੋਸਵਾਮੀ ਗਣੇਸ਼ ਦੱਤ ਜੀ ੩. ਗਿਆਨੀ ਤੇਜਾ ਸਿੰਘ ਜੀ ਸਕੱਤਰ, ਨਿਰਮਲ ਮਹਾਂ ਮੰਡਲ
[illegible]

Sri Satguru Jagjit Singh Ji Elibrary NamdhariElibrary@gmail.com

ਲੈਕੇ ਨਵਾਂ ਸੰਦੇਸ਼ ਬਹਾਰ ਆਈ

[ਨਿਰੰਜਨ ਸਿੰਘ 'ਜਿ...

ਸੂਰਜ ਸਦੀਆਂ ਦਾ ਡੁੱਬਿਆ ਫੇਰ ਚੜ੍ਹਿਆ, ਜਦੋਂ ਪੰਜਾਬ ਦੇ ਹਥ ਤਲਵਾਰ ਆਈ।
ਭਾਗ ਸੁੱਤੇ ਸੁਲੱਖਣੇ ਹੋ ਗਏ, ਮੁਰਦੇ ਚਿਹਰਿਆਂ ਉਤੇ ਲਲਕਾਰ ਆਈ।
ਕਾਬਲ ਕੰਬਿਆ ਗਜ਼ਨੀ ਨੂੰ ਗਸ਼ ਪੈ ਗਈ, ਅਤੇ ਜਲਜ਼ਲੇ ਵਿਚ ਕੰਧਾਰ ਆਈ।
ਮੁਸਲਿਮ ਨੀਤੀ ਦੀਆਂ ਧਜੀਆਂ ਉਡ ਗਈਆਂ, ਸਿਖੀ ਸਭਿਅਤਾ ਵਿਚ ਉਭਾਰ ਆਈ।
ਚੱਪਾ ਚੱਪਾ ਪੰਜਾਬ ਦਾ ਚਮਕ ਪਿਆ, ਜ਼ੱਰੇ ਜ਼ੱਰੇ 'ਚ ਕਿਰਨ ਹਜ਼ਾਰ
ਐਸੇ ਚਹਿਕਦੇ ਮਹਿਕਦੇ ਸਮੇਂ ਅੰਦਰ, ਲੈਕੇ ਨਵਾਂ ਸੰਦੇਸ਼ ਬਹਾਰ ਆ

ਨਜ਼ਰ ਲਗ ਗਈ ਹੋਣੀ ਕੁਲਹਿਣੀ ਦੀ, ਛਾਤੀ ਓਸਦੀ ਵੇਖਕੇ ਫਟ ਗਈ।
ਪੁਠਾ ਗੇੜ ਫਿਰ ਖੂਹ ਦਾ ਗਿੜ ਗਿਆ, ਰੋਕ ਰੋਕਦੀ ਰੋਕਦੀ ਹਟ ਗਈ।
ਅਖਾਂ ਬੇਟੇ ਪੰਜਾਬ ਨੇ ਮੀਟੀਆਂ ਕੀ, ਗੁਡੀ ਚੜ੍ਹੀ ਆਕਾਸ਼ ਤੇ ਕਟ ਗਈ।
ਕਿਸਮਤ ਫੇਰ ਪੰਜਾਬ ਦੀ ਪਈ ਪੁਠੀ ਮੋੜ ਆਣ ਗੁਲਾਮੀ ਦੀ ਛੱਟ ਪਈ।
ਕਹਿਰ ਵਰਤਿਆ ਅਜ਼ਮਤ ਸੁਆਹ ਹੋ ਗਈ, ਧੁਖਦੀ ਧੂਣੀ ਚੋਂ ਚਿਣਗ ਲਿਸ਼ਕਾਰ
ਉਠੋ ਜਾਗੋ ਸ਼ੇਰੋ ਸੁਤਿਓ ਛੰਡੋ ਮੋਢੇ, ਲੈਕੇ ਨਵਾਂ ਸੰਦੇਸ ਬਹਾਰ ਆ

ਜਾਨਾਂ ਵਾਰਕੇ ਰਾਜ ਸੀ ਕਾਇਮ ਕੀਤਾ, ਉਸ ਰਾਜ ਨੂੰ ਫੇਰ ਲਿਆਉਣਾ ਏ।
ਯੂਨੀਅਨ ਜੈਕ ਦਾ ਝੰਡਾ ਉਤਾਰ ਕੇ ਤੇ, ਉਥੇ ਖਾਲਸਈ ਝੰਡਾ ਝੁਲਾਉਣਾ ਏ।
ਸ਼ੇਰੇ ਪੰਜਾਬ ਦੇ ਸਿਰ ਦਾ ਤਾਜ ਸੁਹਣਾ, ਉਹਨੂੰ ਦਲੀਪ ਦੇ ਸਿਰ ਸਜਾਉਣਾ ਏ।
ਅਸੀਂ ਸ਼ੇਰ ਹਾਂ ਸ਼ੇਰਾਂ ਦੇ ਪੁਤ ਬਾਂਕੇ, ਅਸਾਂ ਗੀਦੀ ਨਾ ਮੁੜ ਅਖਵਉਣਾ ਏ।
ਖੂਨ ਖੁਸ਼ਕ ਅੰਗਰੇਜ਼ ਦਾ ਹੋ ਗਿਆ, ਪਿਸੂ ਪਏ ਜਦ ਇਹ ਵੰਗਾਰ
ਇਹ ਸੁਣਕੇ ਜਾਨ ਹੀ ਨਿਕਲ ਗਈ, ਲੈਕੇ ਨਵਾਂ ਸੰਦੇਸ਼ ਬਹਾਰ ਆ

ਘਰ ਘਰ ਸ਼ਮਾਂ ਅਜ਼ਾਦੀ ਦੀ ਬਲ ਉਠੀ, ਚੀਨੀ ਵਾਲੇ ਦੇ ਏਸ ਸੰਦੇਸ਼ ਦੇ ਨਾਲ।
ਮਾਵਾਂ ਪੁਤਾਂ ਨੂੰ ਲੋਰੀਆਂ ਦੇਣ ਲਗੀਆਂ, ਦੇਸ਼ ਭਗਤੀ ਦੀ ਗੁੜ੍ਹਤੀ ਵਿਸ਼ੇਸ਼ ਦੇ ਨਾਲ।
ਮਹਿਲ ਸਿਖੀ ਦਾ ਫੇਰ ਉਸਾਰ ਦਿਤਾ, ਨਾਂ ਲੈ ਕੇ ਸ੍ਰੀ ਦਸਮੇਸ਼ ਦੇ ਨਾਲ।
ਐਪਰ ਗੋਰੇ ਦੀ ਨੀਂਦ ਹਰਾਮ ਹੋ ਗਈ, ਦਿਨ ਕਟਣੇ ਪਏ ਕਲੇਸ਼ ਦੇ ਨਾਲ।
ਦੁਨੀਆਂ ਦੇਖਦੀ ਦੇਖਦੀ ਦੰਗ ਰਹਿ ਗਈ, ਲੋਹਾ ਲੈਣ ਲਈ ਹੰਸਾਂ ਦੀ ਡਾਰ
ਸੁਰ ਸੋਧ ਤੇ ਨਾਮ ਦਾ ਰੰਗ ਲੈਕੇ, ਲੈਕੇ ਨਵਾਂ ਸੰਦੇਸ਼ ਬਹਾਰ ਆ

ਇਕ ਫਾਂਸੀਆਂ ਤਾਂਈ ਗਲਾ ਰਹੇ ਸਨ, ਦੂਜੇ ਚਾਅ ਨਾਲ ਬਾਘੀਆਂ ਪਾ ਰਹੇ ਸਨ।
ਇਕ ਤੋਪਾਂ ਦੇ ਤਾਂਈ ਚਲਾ ਰਹੇ ਸਨ, ਦੂਜੇ ਛਾਤੀਆਂ ਸਾਹਮਣੇ ਡਾਹ ਰਹੇ ਸਨ।
ਇਕ ਤਲਵਾਰਾਂ ਨੂੰ ਤੇਜ਼ ਕਰਾ ਰਹੇ ਸਨ, ਦੂਜੇ ਦੰਦੀਆਂ ਤਾਂਈ ਖਿਟਾ ਰਹੇ ਸਨ।
ਇਕ ਦੂਜੇ ਦੀ ਅਲਖ ਮੁਕਾ ਰਹੇ ਸਨ, ਦੂਜੇ ਮੌਤ ਦੀਆਂ ਜ਼ੁਲਫਾਂ ਵਾਹ ਰਹੇ ਸਨ।
ਸਿਰ ਧੜ ਦੀ ਬਾਜ਼ੀ ਸੀ ਲਗੀ ਹੋਈ, ਇਹ ਵੇਖਕੇ ਕੁਦਰਤ ਕਰਤਾਰ
ਚੀਨੀ ਵਾਲੇ ਦੇ ਜੋਤੀ ਸਰੂਪ ਰਾਹੀਂ, ਲੈ ਕੇ ਨਵਾਂ ਸੰਦੇਸ਼ ਬਹਾਰ

———

ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ,

ਜਿਨਾਂ ਦੇ ਪੁਰਸ਼ਾਰਥ ਨਾਲ ਸਤਿਜੁਗ ਅਖਬਾਰ ਚਾਲੂ ਹੋਇਆ ।

ਸਤਿਜੁਗ ਦਾ ੬੫ ਸਾਲਾ ਸਫਰ

ਪ੍ਰੀਤਮ ਸਿੰਘ ਪੰਛੀ

ਸੰਨ ੧੯੨੦ ਵਿਚ ਜਦੋਂ ਸਤਿਜੁਗ ਦਾ ਜਨਮ ਹੋਇਆ ਤਾਂ ਉਸ ਵਕਤ ਕੌਮੀ ਲਹਿਰ ਜੋਰਾਂ ਤੇ ਸੀ। ਅਕਾਲੀ ਲਹਿਰ ਦੀ ਸ਼ੁਰੂਆਤ ਹੋ ਚੁਕੀ ਸੀ। ਨਾਮ-ਧਾਰੀਆ ਤੇ ਸਖਤੀਆਂ ਦੇ ਦੌਰ ਦੀ ਪਕੜ ਕੁਝ ਢਿਲੀ ਪੈ ਗਈ ਸੀ ਜਿਸ ਕਾਰਨ ਇਕ ਨਵਾਂ ਉਭਾਰ ਆਉਣਾ ਸ਼ੁਰੂ ਹੋ ਗਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗਵਾਈ ਨੇ ਨਾਮਧਾਰੀ ਪੰਥ ਵਿਚ ਇਕ ਨਵੇਂ ਉਤਸ਼ਾਹ ਤੇ ਰਾਸ਼ਟਰੀ ਭਾਵਨਾਂਵਾ ਨੂੰ ਜਨਮ ਦਿਤਾ ਸੀ। ਨਾਮਧਾਰੀਆਂ ਦੇ ਕੁਝ ਪ੍ਰਮੁਖ ਆਗੂ ਪੂਰੀਤਰ੍ਹਾਂ ਕੌਮੀ ਲਹਿਰ ਵਿਚ ਭਾਗ ਲੈਣ ਲਗੇ ਸਨ। ਜਿਹਨਾਂ ਵਿਚ ਮਹਾਰਾਜ ਨਿਹਾਲ ਸਿੰਘ ਮਹਾਰਾਜ,ਗੁਰਦਿਆਲ ਸਿੰਘ ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਪ੍ਰਮੁਖ ਸਨ।

ਉਸ ਵਕਤ ਨਾਮਧਾਰੀ ਪੰਥ ਦੀ ਪ੍ਰਚਾਰ ਮਸ਼ੀ–ਨਰੀ ਨੂੰ ਹੋਰ ਸਰਗਰਮ ਬਨਾਉਣ ਲਈ ਸਤਿਜੁਗ ਦੇ ਪ੍ਰਕਾਸ਼ਨ ਦੀ ਜ਼ਰੂਰਤ ਮਹਿਸੂਸ ਕੀਤੀ ਗਈ। ਨਾਮਧਾਰੀ ਕਿਉਂਕਿ ਪੰਜਾਹ ਸਾਲ ਦੀਆਂ ਸਖਤੀਆਂ ਤੋਂ ਬਾਅਦ ਉਭਰੇ ਸਨ, ਇਸ ਲਈ ਜੋਸ਼ ਵੀ ਠਾਠਾਂ ਮਾਰ ਰਿਹਾ ਸੀ। ਸਤਿਜੁਗ ਦਾ ਪ੍ਰਕਾਸ਼ਨ ਪੂਰੇ ਜੋਸ਼ ਤੇ ਉਮਾਹ ਨਾਲ ਸ਼ੁਰੂ ਹੋਇਆ।

ਅਜ ਅਸੀਂ ਸਤਿਜੁਗ ਦੇ ੬੫ ਸਾਲਾ ਸਫਰ ਤੇ ਇਕ ਝਾਤ ਪਾਉਂਦੇ ਹਾਂ ਤਾਂ ਸਾਨੂੰ ਇਸ ਲੰਮੇ ਸਫਰ ਵਿਚ ਅਨੇਕਾਂ ਪੜਾਵ ਦਿਖਾਈ ਦਿੰਦੇ ਹਨ। ਇਹਨਾਂ ਪੜਾਂਵਾਂ ਵਿਚ ਸੰਘਰਸ਼ ਹੀ ਸੰਘਰਸ਼ ਹੈ। ਅੰਗ੍ਰੇਜ਼ੀ ਸ੍ਰਕਾਰ ਦੀ ਕਹਿਰੀ ਨਜ਼ਰ ਹੈ। ਜਮਾਨਤਾਂ ਨੂੰ ਜਬਤ ਕਰ ਲੈਣ ਦੀ ਬੜੀ ਭਾਰੀ ਚੋਟ ਹੈ, ਪਰ ਇਸਦੇ ਬਾਵਜੂਦ ਸਤਿਜੁਗ ਆਪਣੇ ਰਸਤੇ ਤੇ ਆਡਿੱਗ ਰਿਹਾ। ਡੋਲਿਆ ਨਹੀਂ। ਇਕ ਵਾਰ ਜਿਹੜੀ ਸੇਧ ਫੜ ਲਈ ਉਸਤੋਂ ਰਤੀ ਭਰ ਇਧਰ ਉਧਰ ਨਹੀਂ ਹੋਇਆ।

ਲਾਹੌਰ ਵਿਚੋਂ ਪ੍ਰਕਾਸ਼ਿਤ ਹੁੰਦੇ ਸਤਿਜੁਗ ... ਸਾਧਨਾ ਦੀ ਥੁੜ ਨਹੀਂ ਸੀ,ਪਰ ਫਿਰ ਵੀ ਸਤਿ... ਪ੍ਰਤਾਪ ਸਿੰਘ ਜੀ ਸਤਿਜੁਗ ਨੂੰ ਆਪਣੀ ਨਿਗਰ... ਹੇਠ ਰਖਣ ਲਈ ਇਸ ਨੂੰ ਸ੍ਰੀ ਭੈਣੀ ਸਾਹਿ... ਆਏ। ਏਥੇ ਇਕ ਪਿੰਡ ਵਿਚ ਵੀ ਇਹ ਆ... ਉਸੇ ਸ਼ਾਨ ਨਾਲ ਪ੍ਰਕਾਸ਼ਿਤ ਹੁੰਦਾ ਰਿਹਾ। ਇ... ਛਪਾਈ ਲਿਖਾਈ ਵਿਚ ਸਭ ਤੋਂ ਵੱਧ ਯੋਗ... ਨਾਮਧਾਰੀ ਮਹਾ ਵਿਦਿਆਲਾ ਸ੍ਰੀ ਭੈਣੀ ਸਾਹਿ... ਵਿਦਿਆਰਥੀਆਂ ਦਾ ਸੀ। ਇਸੇ ਵਿਦਿਆ... ਵਿਦਿਆਰਥੀ ਗੁਰਦਿਆਲ ਸਿੰਘ ,(ਇਹ ... ਵੀ ਸਤਿਜੁਗ ਦੇ ਪ੍ਰਿੰਟਰ ਪਬਲਿਸ਼ਰ ਹਨ) ... ਸਿੰਘ ਕਵੀ ਅਤੇ ਪ੍ਰੀਤਮ ਸਿੰਘ ਪੰਛੀ ਨੂੰ ਛੋਟੀ ਉ... ਵਿਚ ਹੀ ਸਤਿਜੁਗ ਦੇ ਸੰਪਾਦਕ ਬਣਾ ਦਿਤਾ ... ਇਹ ਕਈ ਸਾਲ ਤਕ ਸਤਿਜੁਗ ਦੀ ਸੰਪਾ... ਕਰਦੇ ਰਹੇ।

ਸਤਿਜੁਗ ਦੇ ਬਸੰਤ ਅੰਕਾਂ ਨੇ ਸਾਰੀ ਪੰ... ਜਗਤ ਵਿਚ ਧੁੰਮ ਮਚਾ ਰਖੀ ਸੀ। ਇਹਨਾਂ ... ਲਈ ਪੰਜਾਬ ਦੀਆਂ ਪ੍ਰਸਿਧ ਹਸਤੀਆਂ ਤੋਂ ... ਵਗੈਰਾ ਲਿਖਵਾਉਣ ਦਾ ਕੰਮ ਸਵਰਗਵਾ... ਇੰਦਰ ਸਿੰਘ ਚਕ੍ਰਵਰਤੀ ਬੜੀ ਮਿਹਨਤ ਤੇ ... ਨਾਲ ਕਰਦੇ ਰਹੇ। ਪੰਜਾਬ ਦੀ ਕੋਈ ਵੀ ਬਾ... ਹਸਤੀ, ਭਾਵੇਂ ਕਿੰਨ੍ਹਾਂ ਵੀ ਖਿਆਲਾਂ ਦੀ ਹੋਵੇ ... ਜੁਗ ਦੇ ਬਸੰਤ ਅੰਕਾਂ ਦੀ ਸੋਭਾ ਬਣਦੀ ... ਭਾਰਤੀ ਪੱਧਰ ਤੇ ਭਾਰਤ ਦੇ ਪਹਿਲੇ ਪ੍ਰਧਾਨ ... ਪੰਡਿਤ ਜਵਾਹਰ ਲਾਲ ਨਹਿਰੂ ਅਤੇ ਪਹਿਲੇ ਰਾ... ਰਪਤੀ ਡਾ. ਰਾਜਿੰਦਰ ਪ੍ਰਸਾਦ ਵੀ ਇਹਨਾਂ ਅੰ... ਪੰਨਿਆਂ ਦਾ ਸ਼ਿੰਗਾਰ ਬਣੇ।

ਹੇਠ ਅਸੀਂ ਕੁਝ ਪ੍ਰਸਿਧ ਬਸੰਤ ਅੰ... ਬਿਓਰਾ ਦੇ ਰਹੇ ਹਾਂ,ਜਿਸਤੋਂ ਪਤਾ ਲਗੇਗਾ ਕਿ ... ਅੰਕਾਂ ਨੂੰ ਕਿਹੜੀਆਂ ਮਹਾਨ ਸਖਸੀਅਤਾਂ ... ਯੋਗਦਾਨ ਨਾਲ ਨਿਵਾਜਦੀਆਂ ਰਹੀਆਂ।

Sri Satguru Jagjit Singh Ji Elibrary NamdhariElibrary@gmail.com

ਜੋ ਲਾਹੌਰ ਵਿਚ ਸਤਿਜੁਗ ਦੇ ਐਡੀਟਰ ਰਹੇ ।

ਪੰਥ ਰਤਨ ਸੰਤ ਨਿਧਾਨ ਸਿੰਘ ਜੀ ਆਲਿਮ

ਜੋ ਸੰਤ ਮੰਗਲ ਸਿੰਘ ਜੀ ਬਾਦ ਸਤਿਜੁਗ ਦੇ ਐਡੀਟਰ ਬਣੇ
ਅਰ ਨਾਲ ਹੀ ਇਨਾਂ ਨੇ ਰੋਜਾਨਾ ਕੂਕਾ ਅਖਬਾਰ ਜਾਰੀ ਕੀਤਾ ।

ਸ੍ਰੀ ਮਾਨ ਮਾਸਟਰ ਬਲਵੰਤ ਸਿੰਘ ਜੀ
ਸ੍ਰੀ ਭੈਣੀ ਸਾਹਿਬ ਨਿਵਾਸ ਸਮੇਂ "ਸਤਿਜੁਗ" ਦੇ ਅਣਥਕ ਪ੍ਰਬੰਧਕ ਰਹੇ ।

Sri Satguru Jagjit Singh Ji Elibrary NamdhariElibrary@gmail.com

ਆਤਮਾ ਸਿੰਘ ਸਨਖਤ੍ਰਵੀ ਵਲੋਂ ਗਿਆਨੀ ਪ੍ਰਤਾਪ ਸਿੰਘ ਦੇ ਕੂਕਾ ਗੁਰੂਡੰਮ ਦੇ ਉਤਰ ਵਿਚ ਸਤਿਜੁਗ ਵਿਚ ਛਪਦੀ ਰਹੀ ਲੇਖ ਲੜੀ ਤੇ ਨਿਗ੍ਹਾ ਮਾਰੀ ਜਾ ਸਕਦੀ ਹੈ।

ਇਸ ਦਾ ਭਾਵ ਇਹ ਕਦਾਚਿਤ ਨਹੀਂ ਕਿ ਸਤਿਜੁਗ ਕੇਵਲ ਗੈਰ ਨਾਮਧਾਰੀ ਸਿਖਾਂ ਪ੍ਰਤੀ ਵਿਰੋਧ ਦੀ ਨੀਤੀ ਤੇ ਹੀ ਚਲਦਾ ਰਿਹਾ ਹੈ। ਇਸ ਦੇ ਅੰਕ ਇਸ ਗਲ ਦੀ ਸਾਖ ਭਰਦੇ ਹਨ ਕਿ ਖਾਲਸਈ ਭਰਾਵਾਂ ਦੀਆਂ ਚੰਗੀਆਂ ਗੱਲਾਂ ਲਈ ਉਹਨਾਂ ਦੀ ਪ੍ਰਸੰਸਾ ਵੀ ਕੀਤੀ ਜਾਂਦੀ ਸੀ ਤੇ ਕਈ ਸਮੇਂ ਪ੍ਰਸਪਰ ਮੇਲ ਮਿਲਾਪ ਲਈ ਹਥ ਵੀ ਵਧਾਇਆ ਜਾਂਦਾ ਰਿਹਾ ਹੈ।"ਸਾਡੇ ਵਿਚ ਲਖ ਧਾਰਮਿਕ ਤੇ ਰਾਜਸੀ ਮਤਭੇਦ ਹੋ ਸਕਦੇ ਹਨ,ਪਰ ਸਾਨੂੰ ਸਦਾ ਇਹ ਚੇਤਾ ਰਹਿਣਾ ਚਾਹੀਦਾ ਹੈ ਕਿ ਅਸੀਂ ਸਾਰੇ ਹੀ ਭਾਰਤ ਵਾਸੀ ਇਕ ਹੀ ਬੇੜੀ ਤੇ ਸਵਾਰ ਹਾਂ ਤੇ ਏਸ ਵੇਲੇ ਜਦ ਕਿ ਸਾਨੂੰ ਆਪਣੀ ਏਹ ਬੇੜੀ ਹੀ ਖਤਰੇ ਦੇ ਮੂੰਹ ਵਿਚ ਪੈ ਰਹੀ ਨਜ਼ਰ ਆ ਰਹੀ ਹੈ। ਸਾਡਾ ਸਾਰਿਆਂ ਦਾ ਪਹਿਲਾਂ ਮਿਲਵਾਂ ਜਤਨ ਚਾਹੀਦਾ ਹੀ ਇਹ ਹੈ ਕਿ ਏਸ ਦੀ ਸਲਾਮਤੀ ਦਾ ਰਾਹ ਕਢਿਆ ਜਾਵੇ। ਇਸ ਸਮੇਂ ਆਪੋ ਵਿਚ ਲੜਨ ਇਕ ਦੂਜੇ ਦੀ ਭੰਡੀ ਕਰਨ ਸੰਪ੍ਰਦਾਇਕ ਮਤਭੇਦ ਵਧਾਉਣ ਅਤੇ ਪਿੰਡਾਲ ਦੀ ਮਹਿਫਲ ਗਰਮ ਕਰਨ ਦਾ ਨਹੀਂ।...... ਸਾਨੂੰ ਵਧੀਕ ਅਫਸੋਸ ਉਹਨਾਂ ਸਿਖਾਂ ਉਤੇ ਹੈ ਜੋ ਆਪਣੇ ਆਪ ਨੂੰ ਸਤਿਗੁਰੂਆਂ ਦਾ ਅਨੁਜਾਈ ਸਮਝਕੇ ਵੀ ਇਤਫਾਕ ਮਗਰ ਲਠ ਲਈ ਫਿਰਦੇ ਹਨ ਤੇ ਉਹਨਾਂ ਦੇ ਨਜ਼ਦੀਕ ਗੁਰੂ ਨਾਨਕ ਦੇ ਮਿਸ਼ਨ ਦਾ ਵਧੀਕ ਚੰਗਾ ਪ੍ਰਚਾਰ ਦੂਜੀਆਂ ਦੀ ਭੰਡੀ ਕੀਤਿਆਂ ਹੀ ਹੋ ਸਕਦਾ ਹੈ।(ਮਹਾਂ ਪ੍ਰਲੇ ਦੀਆਂ ਨਿਸ਼ਾਨੀਆਂ ੨੧ ਕਤਕ ੧੯੯੮)

ਸੰਪਰਦਾਇਕ ਤੇ ਕਟੜ ਵਿਚਾਰਾਂ ਦੇ ਲੋਕਾਂ ਨੇ ਸਿਖਾਂ ਨੂੰ ਸੰਪਰਦਾਈ ਆਧਾਰ ਤੇ ਵਖ ਵਖ ਕਰਨ ਦੀ ਨੀਤੀ ਅਪਣਾ ਲਈ। ਘਟ ਗਿਣਤੀਆਂ ਤੇ ਜਬਰ ਹੋਣ ਲਗ ਪਿਆ ਜਿਸ ਦੇ ਫਲਸਰੂਪ ਉਨ੍ਹਾਂ ਲੋਕਾਂ ਨੇ ਸਿਖਾਂ ਤੇ ਸਿਖੀ ਨਾਲੋਂ ਨਾਤਾ ਤੋੜਨਾ ਸ਼ੁਰੂ ਕਰ ਲਿਆ। ਇਹ ਗਲ ਸਮੁਚੇ ਤੌਰ ਤੇ ਸਿ
ਲਈ ਹਾਨੀਕਾਰਕ ਸੀ ਅਤੇ ਸਤਿਜੁਗ ਦੀ ਪੰ
ਹਿਤੈਸ਼ੀ ਨੀਤੀ ਦਾ ਵਿਰੋਧ ਵੀ। ਅਜਿਹੀਆਂ ਘਟ
ਨਾਵਾਂ ਤੇ ਸਤਿਜੁਗ ਆਪਣੇ ਦੁਖੀ ਦਿਲ ਦੀ ਅਵ
ਪੰਜਾਬੀ ਪਾਠਕਾਂ ਨਾਲ ਜ਼ਰੂਰ ਸਾਂਝੀ ਕਰਦਾ ਰ

"ਦੁਖ ਦੀ ਲਗ ਇਹ ਹੈ ਕਿ ਅਸੀਂ ਜਿੰਨੇ ਵ
ਉਨੇ ਵੀ ਰਲ ਮਿਲਕੇ ਬੈਠਣਾ ਪਾਪ ਸਮਝਦੇ
ਸਾਡੇ ਵਿਚ ਫਤਵੇ ਕਢਣ ਵਾਲਿਆਂ ਦੀ ਸੰਖਿ
ਬਹੁਤ ਵਧੇਰੇ ਹੈ, ਅਤੇ ਉਹ ਸਟੇਜ਼ ਅਤੇ ਪ੍ਰੈਸ
ਵਿਚ ਆਪਣੇ ਮਹਾਂ ਮੰਦੇ ਸ਼ੁਗਲ ਨੂੰ ਦਿਨ
ਜਾਰੀ ਰਖਦੇ ਹਨ। ਅਜਿਹੇ ਸਜਣਾਂ ਦੀ
ਨਾਲ ਸਿਖ ਪੰਥ ਦੇ ਸਭ ਤੋਂ ਵਡੇ ਕਾਮਯਾਬ ਪ੍ਰ
ਰਕ ਉਦਾ ਸੀ ਸੰਤ ਤਾਂ ਸਿਖ ਮੰਡਲ ਤੋਂ ਅ
ਚੁਕੇ ਹਨ ਅਤ ਬਾਕੀ ਸੰਪ੍ਰਦਾਵਾਂ ਦਾ ਪ੍ਰੈਸ
ਗਲ ਦਾ ਗਵਾਹ ਹੈ ਕਿ ਜੇ ਉਹਨਾਂ ਦਾ
ਜਾਰੀ ਰਿਹਾ ਤਾਂ ਉਹਨਾ ਨੂੰ ਵੀ ਆਪਣੀ
ਪੋਜ਼ੀਸ਼ਨ ਸਬੰਧੀ ਨਵੇਂ ਸਿਰੇ ਵਿਚਾਰ ਕ
ਪਵੇਗੀ।''(ਸਿਖੀ ਦੇ ਹਿਸੇ ਨਾ ਕਰੋ ੨੩
ਜੰਗ ਦਾ ਵਿਰੋਧ ਸਿਖਾਂ ਵਿਚ ਗੁਰੂ ਨਾਨਕ
ਤੋਂ ਹੀ ਹੁੰਦਾ ਰਿਹਾ ਹੈ। ਗੁਰੂ ਰਾਮ ਸਿੰਘ
ਆਪਣਾ ਹਥਿਆਰ ਹਰੀਕੇ ਪੱਤਣ, ਪਾਣੀ
ਸੁਟਕੇ ਇਸ ਨੀਤੀ ਦੀ ਪ੍ਰੋੜਤਾ ਕੀਤੀ ਸੀ।
ਲਈ ਵਿਸ਼ਵ ਅਮਨ ਸਥਾਪਤੀ ਅਤੇ ਅਮਨ
ਪੂਰੀ ਸਹਿਹੋਂਦ ਦੀ ਨੀਤੀ ਸਤਿਜੁਗ ਦੀ ਪ੍ਰ
ਨੀਤੀ ਦਾ ਵਿਸ਼ੇਸ਼ ਹਿਸਾ ਰਹੀ ਹੈ। ਇਹ
ਸੀ ਕਿ ਦੁਨੀਆਂ ਭਰ ਵਿਚ ਬਣਾਏ ਜਾ ਰ
ਹਥਿਆਰ ਜਮਾਂ ਕੀਤੇ ਜਾ ਰਹੇ ਉਹਨਾਂ ਦੇ
ਦੇ ਆਸਰੇ ਅਸਮਾਨ ਵਿਚ ਛਾਏ ਜੰਗ ਦੇ
ਤੇ ਹਮੇਸ਼ਾਂ ਹੀ ਚਿੰਤਾ ਪ੍ਰਗਟਾਈ ਜਾਂਦੀ
ਮਨੁਖੀ ਤਬਾਹੀ ਦੇ ਇਸ ਵਿਗਿਆਨਕ
ਵਿਰਧਤਾ ਕੀਤੀ ਜਾਂਦੀ ਰਹੀ ਹੈ। ਇਸ ਸ
ਸਤਿਜੁਗ ਨੇ ਆਪਣੀ ਨੀਤੀ ਵਿਚ ਕਦੇ ਵੀ
ਨਹੀਂ ਕੀਤੀ।

"ਅਜ ਜਦੋਂ ਕਿ ਸਾਰੀ ਦੁਨੀਆਂ ਜੰਗ
ਨਾਨੇ ਸੁਣ ਸੁਣਕੇ ਭੈ ਭੀਤ ਹੋ ਰਹੀ ਹੈ,



ਆਜ਼ਾਦ ਹਿੰਦ ਫੌਦ ਦੇ ਅਫਸਰ ਅੰਗ੍ਰੇਜ਼ੀ—ਫੌਜੀ ਅਦਾਲਤ ਵਿਚੋਂ ਬਰੀ ਹੋਣ ਤੇ ਲਾਹੌਰ ਆਏ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਸੁਾਗਤ ਕੀਤਾ ਗਿਆ । ਸ੍ਰੀ ਸਤਿਗੁਰੂ ਜੀ ਦੇ ਸਜੇ ਪਾਸੇ ਗਲ ਵਿਚ ਨੋਟਾਂ ਵਾਲੇ ਹਾਰ ਪਾਏ, ੧. ਜਨਰਲ ਸ਼ਾਹਨਿਵਾਸ ਖਬੇ ਪਾਸੇ ੨. ਕੈਂਪਟਨ ਸਹਿਗਲ ਅਤੇ ੩. ਕੈਪਟਨ ਢਿਲੋਂ ਖੜੇ ਹਨ ਨਾਲ ਹੀ ਪਿਛਲੇ ਪਾਸੇ
ਸਜੇ ਸ੍ਰ. ਕਰਤਾਰ ਸਿੰਘ ਜੀ ਪਥੱਰਾਂ ਵਾਲੇ ਅਤੇ ਖਬੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰ. ਦਇਆ ਸਿੰਘ ਜੀ ਖੜੇ ਹਨ ।

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਦੇ ਦੇਸ਼ ਵੰਡਾਰੇ ਤੋਂ ਪਹਿਲਾਂ ਦੇ ਸੇਵਕ ਪਿਛੇ ਖੜੇ ਕੰਪਾਜ਼ੀਟਰ ਖਬੇ ਤੋਂ ਸਜੇ :
ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਦੇ ... ੪. ਹਰਬੰਸ ਸਿੰਘ ਹਜਰੋ ਸਾਹਿਬ
੧. ਆਤਮਾ ਸਿੰਘ ਜੱਟ ੨ ਸੇਠ ਹਜ਼ੂਰ ਸਿੰਘ ਚੰਦੂਹਾਂਸ ੩. ਗੁਰਮੁਖ ਸਿੰਘ ਮੰਡੀ ਬਹਾਵਦੀਨ ੪. ਹਰਬੰਸ ਸਿੰਘ ਹਜਰੋ ਸਾਹਿਬ
੫. ਬਗਾ ਸਿੰਘ ਪਿੰਡ ਖੋਟੇ ਜਿ: ਫੀਰੋਜਪੁਰ । ਕੁਰਸੀਆਂ ਤੇ ਖਬੇ ਤੋਂ ਸਜੇ ੬. ਗਿ: ਬਲਵੰਤ ਸਿੰਘ ਜੀ ਸਹਾਇਕ ਸੰਪਾਦਕ
੭. ਕਰਮ ਸਿੰਘ ਜੀ ਜੋਗੀ ਸਹਾਇਕ ਮਸ਼ੀਨ ਮੈਨ ੮. ਗੁਰਬਚਨ ਸਿੰਘ ਢੋਟੀਆਂ ਮਸ਼ੀਨ ਮੈਨ ੯. ਅਣ ਪਛਾਣੇ
ਥਲੇ ਬੈਠੇ ੧੦. ਦਰਸ਼ਨ ਸਿੰਘ ਵਡਾਲਾ ਜੋਹਲਾ ੧੧. ਗੁਰਮਤ ਸਿੰਘ ਮੰਡੀ ਬਹਾਵਦੀਨ ੧੨. ਗੁਰਬਚਨ ਸਿੰਘ ਜੀਉਣ ਭਿੰਡਰ
ਸਭ ਤੋਂ ਖਬੇ ੧੩. ਹਜਾਰਾ ਸਿੰਘ ਸਭ ਤੋਂ ਸਜੇ ਅਤੇ ਵਿਚਲੇ ਤਿਨ ਅਣ ਪਛਾਤੇ ।

ਸੰਗੀਤ ਚਰਚਾ

[ਸ੍ਰੀ ਮਹਾਰਾਜ ਬੀਰ ਸਿੰਘ ਜੀ

ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਰੋਜ਼ਾਨਾ ਭਜਨ ਬਾਣੀ ਕਰਨ ਵਾਲੇ ਨਿਤਨੇਮ ਤੇ ਵਿਵਹਾ ਰੁਝੇਵਿਆਂ ਵਖ ਵਖ ਕੰਮਾਂ ਵਾਸਤੇ ਆਉਂਦੇ ਜਾਂਦੇ ਦ੍ਰਸ਼ਕਾਂ ਦੇ ਬਾਵਜੂਦ ਵਡੇ ਵਡੇ ਖੋਜ ਭਰ ਲੇਖ ਲਿਖਦੇ ਰਹਿਣ ਬਾਬਤ ਵਿਸਥਾਰ ਸਹਿਤ ਕੋਈ ਜ਼ਿਕਰ ਕਰਨਾ ਆਕਾਸ਼ ਦੇ ਤਾਰਿਆਂ ਮੂਲੰਕਣ ਕਰਨ ਵਾਲੀ ਹੀ ਕ੍ਰਿਆ ਹੈ।

ਕਿਸੇ ਵੀ ਵਿਸ਼ਜ ਉਤੇ ਕੋਈ ਲੇਖ ਲਿਖਣ ਵੇਲੇ ਵਧ ਤੋਂ ਵਧ ਪ੍ਰਮਾਣੀਕ ਖੋਜ ਕਰਕੇ ਲਿਖ ਮਹਾਰਾਜ ਜੀ ਦਾ ਇਕ ਵਿਸ਼ੇਸ਼ ਗੁਣ ਹੈ।

ਹਥਲੇ ਲੇਖ ਵਿਚ ਸ੍ਰੀ ਮਹਾਰਾਜ ਜੀ ਨੇ ਸੰਗੀਤ ਬਾਬਤ ਜੋ ਚਰਚਾ ਕੀਤੀ ਹੈ,ਇਸ ਸਬੰਧੀ ਢੰਗ ਆਪਣੀ ਮਿਸਾਲ ਆਪ ਹੀ ਹੈ। ਜਿਥੇ ਸ੍ਰੀ ਸਤਿਗੁਰੂ ਜੀ ਸਚੇ ਪਾਤਸ਼ਾਹ ਸ਼ਾਸਤ੍ਰੀ (ਗੁਰੂ ਸੰਗੀਤ ਵਿਚ ਮਾਤ੍ਰਿਕ ਆਧੁਨਿਕਤਾ ਦਾ ਅਮਲੀ ਪ੍ਰਯੋਗ ਕਰ ਰਹੇ ਹਨ, ਓਥੇ ਸ੍ਰੀ ਮਹਾਰਾ ਸਾਹਿਤਕ ਪਧਰ ਤੋਂ ਉਸ ਸੰਗੀਤ ਕਲਾ ਨੂੰ ਮੂਰਤੀਮਾਨ ਕੀਤਾ ਹੋਇਆ ਹੈ। ਸ੍ਰੀ ਮਹਾਰਾਜ ਜੀ ਇਹ ਲੇਖ ਇਹ ਆਮ ਖੋਜੀਆਂ ਤੇ ਵਿਸ਼ੇਸ਼ ਕਰਕੇ ਸੰਗੀਤ ਕਾਰਾਂ ਲਈ ਇਕ ਅਮੁਲੀ ਦੇਣ ਪ੍ਰਤੀਕ ਹੈ, ਆਸ ਹੈ ਪਾਠਕ ਇਸ ਲੇਖ ਨੂੰ ਪੂਰੀ ਦਿਲਚਸਪੀ ਨਾਲ ਪੜ੍ਹਕੇ ਸੰਗੀਤਕ ਜਾਣਕ ਪ੍ਰਾਪਤ ਕਰਨਗੇ।

[ਸੰਪਾਦਿਕ ਸਤਿਜੁਗ

ਅਠਾਰਾਂ ਵਿਦਿਆ ਵਿਚੋਂ ਇਕ, ਜਿਸ ਦਾ ਵਿਸਥਾਰ ਲਿਖਿਆ ਜਾਣਾ ਸੰਭਵ ਨਹੀਂ। ਪਰ ਇਹਨਾਂ ਸਤਰਾਂ ਵਿਚ ਇਸ ਵਿਦਿਆ ਦੀ ਸੰਖੇਪ ਚਰਚਾ ਅੰਸ਼ ਮਾਤ੍ਰ ਜਾਣਕਾਰੀ ਦੇਣ ਲਈ ਕੀਤੀ ਜਾ ਰਹੀ ਹੈ।

ਗੰਧਰਬ ਵੇਦ ਨਾਮਕ ਇਕ ਉਪਵੇਦ ਹੈ ਜਿਸ ਦਾ ਕਰਤਾ ਭਰਤ ਮੁਨਿ ਹੈ। ਇਸ ਵਿਚ ਸੰਗੀਤ ਵਿਦਿਆ ਦਾ ਵਰਣਨ ਹੈ। ਇਸ ਦਾ ਸਬੰਧ ਸਾਮ ਵੇਦ ਨਾਲ ਹੈ।

ਗਾਯਨ, ਵਾਦਨ; ਅਤੇ ਨ੍ਰਿਤ ਦਾ ਸਮੁਦਾਯ ਜੋ ਹੈ, ਉਸ ਦਾ ਨਾਮ ਸੰਗੀਤ ਹੈ। ਗ੍ਰੰਥਾਂ ਵਿਚ ਸੰਗੀਤ ਦੀ ਉਤਪਤੀ ਬ੍ਰਹਮਾਂ ਤੋਂ ਲਿਖੀ ਹੈ। ਆਰੰਭ ਕਾਲ ਵਿਚ ਸੰਗੀਤ ਦੀ ਵਰਤੋਂ ਪ੍ਰਭੂ ਭਗਤੀ ਵਾਸਤੇ ਕੀਤੀ ਗਈ ਪ੍ਰਤੀਤ ਹੁੰਦੀ ਹੈ। ਬਾਦ ਵਿਚ ਸਮੇਂ ਦੇ ਪਰਿਵ-ਰਤਨ ਨਾਲ ਅਪਣੀ ਆਪਣੀ ਇਛਾ ਅਨੁਸਾਰ ਕਈ ਪ੍ਰਕਾਰ ਦੇ ਕਾਰਜਾਂ ਨਮਿਤ ਇਸ ਦੀ ਵਰਤੋਂ ਕੀਤੀ ਜਾਂਦੀ ਰਹੀ ਅਤੇ ਕੀਤੀ ਜਾ ਰਹੀ ਹੈ।

ਸੰਗੀਤ ਗਾਇਨ ਵਾਦਨ ਜਾਂ ਨ੍ਰਿਤ ਪੂਰਨ ਸ਼ੁਧ ਰੂਪ ਧਾਰਨ ਕਰ ਲਵੇ ਤਾਂ ਪ੍ਰਭਾਵ ਅਤਿ ਸੁੰਦਰ ਅਤੇ ਅਨੋਖੇ ਹੋ ਜਿਤਨੇ ਵਾਦਨ(ਸਾਜ) ਗਾਇਨ ਜਾਂ ਵਾਦ ਵਾਸਤੇ ਮਿਲਾਏ ਜਾਂਦੇ ਹਨ(ਸੁਰ ਕੀਤੇ ਜਾਂ ਬਹੁਤ ਜਤਨ ਕਰਨ ਤੇ ਭੀ ਇਹਨਾਂ ਵਿ ਬਹੁਤ ਕਮੀ ਰਹਿ ਜਾਂਦੀ ਹੈ। ਉਚ ਕੋਟੀ ਦੇ ਕਾਰ ਏਹ ਮੰਨਦੇ ਹਨ ਕਿ ਜੇ ਕਦੀ ਤਾ ਕੋਈ ਤਾਰ ਪੂਰਨ ਸ਼ੁਧ ਹੋਕੇ ਅਪਣੇ ਸੁਰ ਪ੍ਰਾਪਤ ਕਰਦੀ ਹੈ ਤਦ ਓਹ ਸਾਬਤ ਨਹੀਂ ਓਹ ਉਸੇ ਖਿਨ ਟੁਟ ਜਾਂਦੀ ਹੈ।

ਇਕ ਵਿਦਵਾਨ ਦੇ ਵਿਚਾਰਾਂ ਅਨੁਸਾਰ (ਸਾਜ ਵਜਾਉਣ ਵਾਲਾ) ਇਕ ਪ੍ਰਕਾਰ ਅਨੁਵਾਦਿਕ' ਹੈ। ਜੇ ਇਜ ਕਲਾ ਵਿਚ ਯੋਗਯਤਾ ਰਖਦਾ ਹੈ, ਤਾਂ ਅਪਣੇ ਵਾਦ ਸੰਗੀਤ ਕਲਾ ਦਾ ਅਨੁਵਾਦ(ਤਰਜਮਾਂ) ਸ੍ਰੋਤਿਆਂ ਦੇ ਦਿਲਾਂ ਨੂੰ ਆਨੰਦਿਤ ਕਰਦਾ



ਨਾਮਧਾਰੀ ਵਿਦਯਾਲਾ ਸ੍ਰੀ ਭੈਣੀ ਸਾਹਿਬ ਦੇ ਸਰਬ ਪ੍ਰਥਮ ਸੰਗੀਤ ਅਧਯਾਪਕ ਉਸਤਾਦ ਹਰਨਾਮ ਸਿੰਘ ਜੀ
ਅਤੇ ਓਨਾਂ ਦਾ ਰਾਗੀ ਜਥਾ ਖਬੇ ਤੋਂ ਸਜੇ : ੧. ਗਨੇਸ਼ਾ ਸਿੰਘ ਜੀ ਵਾਜੇ ਵਾਲੇ ੨. ਉਸਤਾਦ ਹਰਨਾਮ ਸਿੰਘ ਜੀ ਤਾਊਸ
੩. ਮੰਗਲ ਸਿੰਘ ਜੀ ਵਾਜਾ ੪. ਅਛਰ ਸਿੰਘ ਜੀ ਜੋੜੀ ।



੧. ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਿਲਰੂਬਾ ਵਜਾਉਂਦੇ ਹੋਏ । ੨. ਸ੍ਰੀ ਮਹਾਰਾਜ ਬੀਰ ਸਿੰਘ ਜੀ ਤਾਨਪੁਰਾ ਵਜਾਉਂਦੇ ਹੋਏ

Sri Satguru Jagjit Singh Ji Elibrary NamdhariElibrary@gmail.com

(ਝਾਂਸੀ ਪਾਸ ਪੁਰਾਣੀ ਇਕ ਰਿਆਸਤ) ਮਹਾਰਾਜ ਪਾਸ ਵੀ ਰਹੇ ਹਨ। ਇਹਨਾ ਬਾਰੇ ਕਈ ਕਥਾ ਪ੍ਰਸਿਧ ਹਨ। ਇਕ ਇਹ ਕਿ ਜਦੋਂ ਏਨਾਂ ਦਾ ਅਭਿਆਸ ਕਰਨ ਨੂੰ ਚਿਤ ਕਰਦਾ ਸੀ ਤਾਂ ਬਹੁਤ ਵਾਰੀ ਏਹ ਪੱਥਰ ਦੇ ਮ੍ਰਿਦੰਗ ਤੇ ਭੀ ਅਭਿਆਸ ਕਰਦੇ ਰਹਿੰਦੇ ਸਨ ਅਤੇ ਉਸ ਮ੍ਰਿਦੰਗ ਉਪਰ ਕਿਤਨਾ ਕਿਤਨਾ ਚਿਰ ਅਭਿਆਸ ਕਰਦੇ ਰਹਿਣ ਕਰਕੇ ਉਸਤੇ ਇਹਨਾਂ ਦੀਆਂ ਉਂਗਲਾਂ ਦੇ ਨਿਸ਼ਾਨ ਪਏ ਹੋਏ ਸਨ।

ਇਸਤੋਂ ਬਿਨਾਂ ਇਕ ਇਹ ਕਥਾ ਭੀ ਸੁਣੀ ਗਈ ਹੈ ਕਿ ਇਕ ਵਾਰੀ ਰਾਜਾ ਕਿਸੇ ਗਲ ਤੋਂ ਏਨਾਂ ਨਾਲ ਨਰਾਜ਼ ਹੋ ਗਿਆ ਅਤੇ ਉਸਨੇ ਏਨਾਂ ਨੂੰ ਖ਼ੂਨੀ ਹਾਥੀ ਤੋਂ ਮਰਵਾਉਣ ਦਾ ਹੁਕਮ ਦੇ ਦਿਤਾ। ਕਦਊ ਸਿੰਘ ਨੂੰ ਪੁਛਿਆ ਗਿਆ ਕਿ ਹਣ ਤੁਹਾਡੀ ਅੰਤਮ ਇਛਾ ਕੀ ਹੈ? ਏਨਾਂ ਕਿਹਾ ਕਿ ਮੈਨੂੰ ਮੇਰਾ ਪਖਾਵਜ (ਮ੍ਰਿਦੰਗ) ਲਿਆ ਦਿਉ। ਜਿਸ ਮੈਦਾਨ ਵਿਚ ਏਨਾਂ ਨੂੰ ਹਾਥੀ ਤੋਂ ਮਰਵਾਇਆ ਜਾਣਾ ਸੀ ਓਥੇ ਸਭ ਦਰਸ਼ਕ ਰਾਜੇ ਦੇ ਸਮੇਤ ਵੇਖ ਰਹੇ ਸਨ। ਹਾਥੀ ਛੱਡ ਦਿਤਾ ਗਿਆ ਅਤੇ ਏਧਰ ਏਨਾਂ ਨੇ ਪਖਾਵਜ ਵਾਦਨ ਅਰੰਭ ਕਰ ਦਿਤਾ। ਹਾਥੀ ਆਯਾ ਆਕੇ ਪਖਾਵਜ ਸੁਣਕੇ ਵਾਪਸ ਚਲਾ ਗਿਆ। ਕਦਊ ਸਿੰਘ ਜੀ ਨੂੰ ਕੁਝ ਨਹੀਂ ਕਿਹਾ। ਪਖਾਵਜ ਕਰਨ ਵਾਲੇ ਹੁਣ ਭੀ ਏਨਾਂ ਦਾ ਨਾਮ ਬਹੁਤ ਆਦਰ ਸਤਿਕਾਰ ਨਾਲ ਲੈਂਦੇ ਹਨ।

ਅੰਮ੍ਰਿਤਸਰ ਦੇ ਰਬਾਬੀਆਂ ਵਿਚੋਂ ਭਾਈ ਚਰਾਗ ਦੇ ਸਪੁਤਰ ਅਤੇ ਸ਼ਗਿਰਦ ਅਤੇ ਮੇਰੇ ਉਸਤਾਦ ਭਾਈ ਨਸੀਰ ਜੀ ਜਿੰਨ੍ਹਾਂ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਹੁਤ ਸਨੇਹ ਸੀ, ਜਿੰਨਾਂ ਨੇ ਕਿਤਨੀ ਵਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਬਾਰ ਵਿਚ ਅਨੇਕਾਂ ਧਰੁਵਪਦ ਅਤੇ ਹੋਰ ਗਾਇਕਾਂ ਨਾਲ ਪਖਾਵਜ ਵਾਦਨ ਕਰਕੇ ਸ੍ਰੀ ਸਤਿਗੁਰੂ ਜੀ ਦੀ ਪ੍ਰਸੰਨਤਾ ਪ੍ਰਾਪਤ ਕੀਤੀ, ਏਹ ਭੀ ਕਦਊ ਸਿੰਘ ਜੀ ਦੇ ਘਰਾਣੇ ਦੇ ਹੀ ਸ਼ਗਿਰਦ ਸਨ।

ਉਸਤਾਦ ਭਾਈ ਨਸੀਰ ਜੀ ਦੇ ਕਈ ਸ਼ਗਿਰਦ ਸਨ। ਜਿੰਨ੍ਹਾਂ ਵਿਚੋਂ ਇਕ ਭਾਈ ਨਿਹਾਲ ਸਿੰ... ਭੀ ਸੀ। ਭਾਈ ਨਿਹਾਲ ਸਿੰਘ ਜੀ ਸ੍ਰੀ ਸਤਿ... ਪ੍ਰਤਾਪ ਸਿੰਘ ਜੀ ਪਾਸ ਤਬਲਾ ਵਾਦਨ ਕਰਦੇ ... ਹਨ ਅਤੇ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰ... ਜੀ ਦੇ ਦਰਬਾਰ ਵਿਚ ਭੀ ਆਪਨੇ ਬਹੁਤ ... ਤਬਲਾ ਵਾਦਨ ਕੀਤਾ ਹੈ। ਇਹਨਾਂ ਦੇ ਕਈ ਸ਼ਗਿ... ਰਦ ਇਸ ਦਰਬਾਰ ਵਿਚ ਹਨ, ਜਿੰਨਾਂ ... ਪ੍ਰਮੁਖ ਸੁਖਵਿੰਦਰ ਸਿੰਘ(ਪਿੰਕੀ) ਹੈ। ਕਰੀਬ... ਮਹੀਨੇ ਹੋਏ ਹਨ, ਕੁਛ ਚਿਰ ਬੀਮਾਰ ਰਹਿਕੇ, ... ਜੀਵਨ ਨਗਰ ਏਨਾਂ ਦਾ ਸਰੀਰ ਚਲ ਗਿਆ।

ਪਖਾਵਜ ਵਾਦਨ ਵਿਚ ਦਿਲੀ ਨਿ... ਪੰਡਿਤ ਗੋਪਾਲ ਦਾਸ ਇਸ ਵੇਲੇ ਪ੍ਰਸਿਧ ... ਅਰਜਨ ਸ਼ੇਜਵਾਲ ਜੀ ਬੰਬਈ ਵਿਚ ਮੰਨੇ ... ਪਖਾਵਜੀ ਹਨ। ਪਰ ਸਵਾਮੀ ਪਾਗਲ ਦਾਸ ... ਅਯੁਧਿਆ (ਉਤਰ ਪ੍ਰਦੇਸ਼) ਪਖਾਵਜ ... ਆਪਣਾ ਵਿਸ਼ੇਸ਼ ਸਥਾਨ ਰਖਦੇ ਹਨ।

ਇਸ ਵੇਲੇ ਭਾਰਤ ਵਿਚ ਤਬਲਾ ਵਾਦਨ ... ਗਤ ਤੋੜਾ ਅਤੇ ਹੋਰ ਵਿਦਿਆ ਦਾ ਕਮਾਲ ... ਰਸ ਦੇ ਪੰਡਿਤ ਕ੍ਰਿਸ਼ਨ ਮਹਾਰਾਜ ਅਤੇ ... ਸ਼ਾਂਤਾ ਪ੍ਰਸ਼ਾਦ ਜੀ ਨੂੰ ਹਾਸਲ ਹੈ. ਉਹ ਹੋਰ ... ਪਾਸ ਨਹੀਂ। ਉਪ੍ਰੋਕਿਤ ਸੁਖਵਿੰਦਰ ਸਿੰਘ (ਪਿੰ... ਨੇ ਆਰੰਭਿਕ ਸਿਖਿਆ ਭਾਈ ਨਿਹਾਲ ਸਿੰ... ਤੋਂ ਅਤੇ ਬਾਦ ਵਿਚ ਪੰਡਿਤ ਕ੍ਰਿਸ਼ਨ ਮਹਾਰਾ... ਤੋਂ ਪ੍ਰਾਪਤ ਕੀਤੀ ਹੈ।

ਭਾਰਤੀ ਨ੍ਰਿਤਯ ਕਲਾ ਦਾ ਪ੍ਰਦਰਸ਼ਨ ... ਵਾਲੇ ਪ੍ਰਸਿਧ ਕਲਾਕਾਰ ਪੰਡਿਤ ਬ੍ਰਿਜੂ ਮਹਾ... ਹਨ। ਆਪ ਦਿਲੀ ਦੀ ਸੰਸਥਾ ਭਾਰਤੀਯ ... ਕੇਂਦਰ ਦੇ ਮੁਖੀ ਹਨ। ਨ੍ਰਿਤਯ ਕਲਾ ... ਅਪ੍ਰਮਾਣੀਕ ਹੈ। ਆਪ ਭੀ ਸ੍ਰੀ ਸਤਿਗੁਰੂ ਜਗ... ਸਿੰਘ ਜੀ ਦੇ ਪ੍ਰੇਮੀ ਹਨ ਅਤੇ ਇਕ ਲੜਕਾ ... ਸਿੰਘ ਏਨਾ ਤੋਂ ਨ੍ਰਿਤਯ ਕਲਾ ਦੀ ਸਿਖਿਆ ... ਕਰ ਰਿਹਾ ਹੈ।

ਨ੍ਰਿਤਯ ਕਲਾ ਦੇ ਮਹਾਨ ਵਿਦਵਾਨ ... ਦੁਰਗਾ ਲਾਲ ਜੀ ਨੇ ਭੀ ਇਸ ਕਲਾ ਵਿਚ ...

(ਸੰਤ) ਸੇਠ ਫੂਲਾ ਸਿੰਘ ਜੀ ਚਾਵਲਾ

ਬੀਬੀ ਮਹਿੰਦਰ ਕੌਰ ਸੁਪਤਨੀ ਸੇਠ ਤ੍ਰਿਲੋਕ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com



ਭਾਈ ਹਰਭਜਨ ਸਿੰਘ ਜੀ
ਸੇਵਾਦਾਰ ਨਾਮਧਾਰੀ ਗੁਰਦੁਆਰਾ ਚੰਗਮਈ (ਥਾਈਲੈਂਡ)

ਸੰਤ ਮਹਾਂ ਸਿੰਘ ਜੀ ਚਾਵਲਾ
ਚੰਗਮਈ (ਥਾਈਲੈਂਡ)

ਗਿਆਨੀ ਗੁਰਦਿਆਲ ਸਿੰਘ ਸਿਰਮਾ
ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ "ਸਤਿਜੁਗ" ਸ੍ਰੀ ਜੀਵਨ ਨਗਰ ।

ਨਿਸ਼ਕਾਮ ਸੇਵਕ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ,
ਪ੍ਰਧਾਨ ਨਾਮਧਾਰੀ ਦਰਬਾਰ ।

ਗਤਾ ਪ੍ਰਾਪਤ ਕੀਤੀ ਹੈ ਅਤੇ ਸੰਗੀਤ ਸੰਸਾਰ ਵਿਚ ਤ ਪ੍ਰਸਿਧੀ ਪਾਈ ਹੈ।

ਗੁਰਬਾਣੀ ਸੰਗੀਤ—

ਸੰਗੀਤ ਆਚਾਰਯ, ਉਸਤਾਦ ਹਰਨਾਮ ਸਿੰਘ ਜੀ ਚਵਿੰਡੇ ਵਾਲੇ ਜੋ ਨਾਮਧਾਰੀ ਵਿਦਿਆਲਾ ਸ੍ਰੀ ਣੀ ਸਾਹਿਬ ਸੰਗੀਤ ਵਿਦਿਆ ਦੇ ਸਰਬ ਪ੍ਰਥਮ ਅਧਿਆਪਕ ਸਨ। ਆਪ ਕਈ ਵਾਰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਭੀ ਜਾਂਦੇ ਰਹਿੰਦੇ ਅਤੇ ਉਥੇ ਰਬਾਬੀਆਂ ਨਾਲ ਗਾਇਨ ਵਾਦਨ ਕਰਦੇ ਰਹਿੰਦੇ। ਆਪ ਜੀ ਕਈ ਸਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਦੇ ਰਹੇ ਹਨ। ਆਪ ਵਿਲੰਬਿਤ ਲਯ ਵਿਚ ਬਹੁਤ ਦ੍ਰਿੜ੍ਹਤਾ ਨਾਲ ਗਾਇਨ ਕਰਦੇ ਸਨ। ਉਹਨਾਂ ਦੇ ਇਸ ਗੁਣ ਦੀ ਅੰਸ਼ ਮਾਤ੍ਰ ਉਨ੍ਹਾਂ ਦੇ ਸ਼ਗਿਰਦਾਂ ਵਿਚ ਭੀ ਹੈ। ਇਕ ਵਾਰੀ ਛੇ ਮਹੀਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੌਰੇ ਨਾਲ ਰਹੇ ਅਤੇ ਛਿਆਂ ਮਹੀਨਿਆਂ ਵਿਚ ਕੋਈ ਸ਼ਬਦ ਬਾਣੀ ਜਾਂ ਤਰਜ਼ ਦੇ ਰੂਪ ਵਿਚ ਦੂਜੀ ਵਾਰ ਨਹੀਂ ਪੜ੍ਹਿਆ।

ਉਸਤਾਦ ਹਰਨਾਮ ਸਿੰਘ ਜੀ, ਜਟਾਂ ਦੇ ਘਰ ਜਨਮ ਹੋਣ ਦੇ ਬਾਵਜੂਦ ਸੰਗੀਤ ਵਿਦਿਆ ਵਿਚ ਆਪਣਾ ਵਿਸ਼ੇਸ਼ ਸਥਾਨ ਰਖਦੇ ਸਨ। ਪਹਿਲਾਂ ਆਪ ਕੇਵਲ ਗੁਰਮੁਖੀ ਅਖਰਾਂ ਤੋਂ ਜਾਣੂ ਸਨ। ਗੁਰਬਾਣੀ ਪੜ੍ਹਨੀ ਅਤੇ ਗੁਰਮੁਖੀ ਵਿਚ ਲਿਖ ਲੈਣਾਂ ਹੀ ਜਾਣਦੇ ਸਨ। ਜਿਨ੍ਹਾਂ ਦਿਨਾਂ ਵਿਚ ਆਪ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਸੰਗੀਤ ਸਿਖਿਆ ਦੇ ਰਹੇ ਸਨ, ਉਨਾਂ ਦਿਨਾਂ ਵਿਚ ਹੀ ਆਪ ਨੇ ਉਰਦੂ ਪੜ੍ਹਿਆ ਅਤੇ ਉਸ ਵੇਲੇ ਰਾਗ ਵਿਦਿਆ ਸਬੰਧੀ, ਰਾਜਾ ਨਵਾਬ ਅਲੀ ਦੀ ਉਰਦੂ ਵਿਚ ਛਪੀ ਹੋਈ ਕਿਤਾਬ ਤੋਂ ਬਚਿਆਂ ਨੂੰ ਸਿਖਾਏ ਹੋਏ ਰਾਗਾਂ ਦੇ ਤੀਬਰ— ਕੋਮਲ ਸੁਰਾਂ ਅਤੇ ਵਖ ਵਖ ਤਾਲਾਂ ਦੀ ਜਾਣਕਾਰੀ ਕਰਾਈ।

ਆਮ ਤੌਰ ਤੇ ਆਪ ਤਾਊਸ ਵਜਾਉਂਦੇ ਹੁੰਦੇ ਸਨ ਜਾਂ ਕਦੀ ਗਾਇਨ ਕਰਨ ਵੇਲੇ ਤਾਨ ਪੂਰਾ ਲੈਂਦੇ। ਸੰਗੀਤ ਕਲਾ ਤੋਂ ਮੂਲੋਂ ਹੀ ਅਨਜਾਣ ਬਚਿਆਂ ਨੂੰ ਸੁਰ ਤਾਲ ਸ਼ਬਦ ਅਤੇ ਲਜ਼ ਦੀ ਸਿਖਿਆ ਦੇਕੇ ਉਨਾਂ ਨੇ ਇਸ ਯੋਗ ਬਣਾ ਦਿਤਾ ਕਿ ਅੰਮ੍ਰਤਸਰ ਤੋਂ ਉਸ ਵਕਤ ਦੇ ਪ੍ਰਸਿਧ ਤਬਲਾ-ਕਾਰ ਭਾਈ ਰੱਖਾ ਜੀ ਨੇ ਆਕੇ ਬਚਿਆਂ ਨਾਲ ਪਖਾਵਜ ਦੀ ਸੰਗਤ ਕੀਤੀ ਤਦ ਰੱਖਾ ਜੀ ਮੰਨ ਗਏ ਕਿ ਇਨ੍ਹਾਂ ਬਚਿਆਂ ਜੈਸੀ ਲਜ਼ ਦੀ ਦ੍ਰਿੜ੍ਹਤਾ ਹੋਰ ਕਿਤੇ ਨਹੀਂ ਦੇਖੀ। ਇਸੇ ਤਰਾਂ ਭਾਰਤ ਭਰ ਵਿਚ ਪ੍ਰਸਿਧ ਤਬਲਾ ਉਸਤਾਦ, ਮੀਆਂ ਕਾਦਰ ਬਖਸ਼ ਜੀ ਭੀ ਦੋ ਵਾਰ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਹਾਜਰ ਹੋਏ। ਉਨਾਂ ਭੀ ਬਚਿਆਂ ਨਾਲ ਤਬਲਾ ਵਜਾਇਆ ਅਤੇ ਲਜ਼ ਦੀ ਦ੍ਰਿੜ੍ਹਤਾ ਦੇਖਕੇ ਬਹੁਤ ਪ੍ਰਸੰਨ ਹੋਏ।

ਉਸਤਾਦ ਹਰਨਾਮ ਸਿੰਘ ਜੀ ਨੇ ਪੰਜਾਹ ਸਾਲ ਦੀ ਉਮਰ ਵਿਚ ਸੰਸਕ੍ਰਿਤ ਪੜ੍ਹੀ। ਲਘੂ ਸਿਧਾਂਤ ਕੌਮਦੀ ਕਈ ਸੂਤ੍ਰ ਆਪਨੂੰ ਜ਼ਬਾਨੀ ਯਾਦ ਸਨ। ਕਈ ਸ਼ਬਦਾਂ ਦੇ ਮੂਲ ਕੀ ਹਨ, ਸੰਸਕ੍ਰਿਤੀ ਸੂਤ੍ਰਾਂ ਵਿਚੋਂ ਆਪ ਉਨਾਂ ਦੀ ਵਿਆਖਯਾ ਕਰਕੇ ਦਸਦੇ ਰਹਿੰਦੇ ਸਨ। ਸ੍ਰੀ ਭੈਣੀ ਸਾਹਿਬ ਤੋਂ ਉਤਰ ਵਾਲੇ ਪਾਸੇ ਕ੍ਰੀਬ ਡੇਢ ਮੀਲ ਦੀ ਦੂਰੀ ਤੇ "ਪੰਜੇਟਾ" ਨਾਮ ਦਾ ਪਿੰਡ ਹੈ। ਇਥੋਂ ਦੇ ਸੰਸਕ੍ਰਿਤ ਦੇ ਵਿਦਵਾਨ ਪੰਡਿਤ ਹਰਬੰਸ ਲਾਲ ਜੀ ਨਾਲ, ਉਸਤਾਦ ਜੀ ਬਹੁਤ ਵਾਰੀ ਸੰਸਕ੍ਰਿਤ ਭਾਸ਼ਾ ਸਬੰਧੀ ਚਰਚਾ ਕਰਦੇ ਰਹਿੰਦੇ।

ਦਿਲਰੁਬਾ (ਤਾਊਸ) ਤੇ ਤਰਬਾ ਵਜਾਉਣ ਦੀ ਕਾਢ ਉਨ੍ਹਾਂ ਦੀ ਹੈ। ਚੀਨੀ ਦੀਆਂ ਪਿਆਲੀਆਂ ਵਿਚ ਪਾਣੀ ਪਾਕੇ ਵਜਾਏ ਜਾਣ ਵਾਲੇ (ਜਲਤਰੰਗ) ਵਰਗੀ ਆਵਾਜ਼ ਨਾਲ ਤਰਬ ਵਾਦਨ ਭੀ ਬਹੁਤ ਆਨੰਦਿਤ ਕਰਦਾ ਹੈ। ਇਹ ਵਿਸ਼ੇਸ਼ ਸਿਖਿਆ ਉਨਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਕੁਛ ਹੋਰ ਬਚਿਆਂ ਨੂੰ ਭੀ ਦਿਤੀ। ਭਾਰਤ ਦੇ ਉਚ ਕੋਟੀ ਦੇ ਸੰਗੀਤ ਕਾਰ ਜਦ ਕਦੀ ਸ੍ਰੀ ਸਤਿਗੁਰੂ ਜੀ ਪਾਸ ਆਉਂਦੇ ਹਨ ਤਦ ਉਚੇਚ ਕਰਕੇ ਤਰਬ-ਵਾਦਨ ਸ੍ਰੀ ਸਤਿਗੁਰੂ ਜੀ ਪਾਸੋਂ ਸੁਣਦੇ ਹਨ ਅਤੇ ਬਹੁਤ ਪ੍ਰਸ਼ੰਸਾ ਕਰਦੇ ਹਨ। ਸ੍ਰੀ ਸਤਿਗੁਰੂ ਜੀ ਤਰਬ ਵਾਦਨ

ਪਹਿਲਾਂ ਪ੍ਰੀਖਿਆ ਵੇਲੇ ਇਕਲੇ ਵਿਦਿਆਰਥੀ ਪਾਸੋਂ ਇਕਾਂਤ ਵਿਚ ਕੇਵਲ ਜੋੜੀ ਵਾਲੇ ਦੀ ਸੰਗਤ ਨਾਲ ਪ੍ਰੀਖਿਆ ਲਈ ਜਾਂਦੀ ਸੀ। ਬਾਅਦ ਵਿਚ ਸ੍ਰੀ ਸਤਿਗੁਰੂ ਜੀ ਨੇ ਸਾਰੇ ਵਿਦਿਆਰਥੀਆਂ ਨੂੰ ਪਾਸ ਬਿਠਾਕੇ ਪ੍ਰੀਖਿਆ ਲੈਣੀ ਸ਼ੁਰੂ ਕੀਤੀ ਅਤੇ ਪਾਸ ਬੈਠੇ ਵਿਦਿਆਰਥੀਆਂ ਨੂੰ ਭੀ ਨੰਬਰ ਲਾਉਣ ਵਾਸਤੇ ਪਰਚੇ ਦੇ ਦਿਤੇ ਜਾਂਦੇ ਸੀ ਤਾਂ ਕਿ ਉਹਨਾਂ ਦੀ ਇਸ ਯੋਗਤਾ ਦਾ ਪਤਾ ਭੀ ਲਗ ਸਕੇ ਕਿ ਇਮ-ਤਿਹਾਨ ਦੇਣ ਵਾਲੇ ਨੂੰ ਸੁਰ, ਤਾਲ, ਸ਼ਬਦ ਅਤੇ ਲਯ ਵਿਚ ਇਹ ਕਿਤਨੇ ਕਿਤਨੇ ਨੰਬਰ ਦਿੰਦੇ ਹਨ। ਅਤੇ ਇਮਤਿਹਾਨ ਲੈਣ ਦੀ ਯੋਗਤਾ ਕਿਸ ਵਿਦਿਆਰਥੀ ਵਿਚ ਕੈਸੀ ਹੈ।

ਲਯ ਦੀ ਪ੍ਰੀਖਿਆ "ਸਟਾਪ ਵਾਚ" (ਵਿਸ਼ੇਸ਼ ਘੜੀ ਜੋ ਇਕ ਸੈਕਿੰਡ ਦੇ ੧੦ ਹਿਸੇ ਤਕ ਨਾਪਦੀ ਹੈ) ਨਾਲ ਕੀਤੀ ਜਾਂਦੀ ਸੀ।

ਸੰਗੀਤ ਇਕ ਐਸੀ ਵਿਦਿਆ ਹੈ ਜਿਸਦੇ ਵਿਸਥਾਰ ਦੀ ਤੁਲਨਾ ਸਤ ਸਮੁੰਦ ਨਾਲ ਭੀ ਨਹੀਂ ਕੀਤੀ ਜਾ ਸਕਦੀ। ਵਿਦਵਾਨਾਂ ਨੇ ੪੯ ਕ੍ਰੋੜ ਤਾਨਾਂ ਮੰਨੀਆਂ ਹਨ। ਇਸ ਲੇਖ ਵਿਚ ਸੰਗੀਤ ਦੇ ਵੱਖ ਵੱਖ ਅੰਗ ਕੇਵਲ ਛੋਹੇ ਹੀ ਜਾ ਸਕੇ ਹਨ।

ਕਿਹਾ ਜਾਂਦਾ ਹੈ ਕਿ ਸੰਗੀਤ ਦੇ ਧੁਰੰਧਰ ਗਾਇਕ ਅਤੇ ਵਿਦਵਾਨ ਤਾਨਸੈਨ ਜੀ ਨੂੰ ਕਿਸੇ ਨੇ ਪੁਛਿਆ ਸੀ ਕਿ ਤੁਸੀਂ ਕਿਤਨੀ ਵਿਦਿਆ ਪ੍ਰਾਪਤ ਕੀਤੀ ਹੈ? ਉਨਾਂ ਉਸਨੂੰ ਨਦੀ ਕੰਢੇ ਲੈਜਾਕੇ ਤਲਵਾਰ ਪਾਣੀ ਵਿਚਦੀ ਫੇਰਕੇ ਇਕ ਬੂੰਦ ਦਾ ਉਦਾਰਹਣ ਦਿਤਾ ਸੀ। ਇਹ ਵਿਦਿਆ ਇਹ ਨਦੀ ਹੈ ਮੇਰੇ ਪਾਸ ਇਸ ਵਿਚੋਂ ਇਕ ਬੂੰਦ ਹੈ।

ਪ੍ਰੇਮ ਭਗਤੀ ਹਰਿ ਕੀਰਤਨ ਇਕ ਅਮੁਲ ਸਾਧਨ ਹੈ। ਵਿਦਿਆ ਆਪਣੀ ਜਗ੍ਹਾ ਅਤੇ ਭਗਤੀ ਜਿਸਦਾ ਸਬੰਧ ਆਤਮਾ ਨਾਲ ਹੈ, ਆਪਣੀ ਜਗ੍ਹਾ।

ਜਿਸਨੇ ਇਸਦੀ ਰਚਨਾ ਕੀਤੀ ਹੈ, ਉਹ ਹੀ ਇਸਦੀ ਵਿਆਖਿਆ ਕਰ ਸਕਦਾ ਹੈ। ਮਨੁਖੀ ਸ਼ਕਤੀ ਤੋਂ ਏਹ ਬਹੁਤ ਦੂਰ ਦੀ ਗਲ ਹੈ। ਇਸ ਵਿਦਿਆ ਵਿਚ ਵਿਸ਼ੇਸ਼ ਆਕਰਸ਼ਣ ਹੈ। ਇਸ ਕਰਕੇ ਇਸਦੀ ਸਿਫਤ ਕਰਨ ਦਾ ਤੁਛ ਬੁਧੀ ਅਨੁ-ਸਾਰ ਜਤਨ ਕੀਤਾ ਗਿਆ ਹੈ। ਆਸ ਹੈ ਕਿ ਸੰਗੀਤ ਦੀ ਜਾਣਕਾਰੀ ਰਖਣ ਵਾਲੇ ਪਾਠਕ ਰੁਚੀ ਨਾਲ ਪੜ੍ਹਨਗੇ।

ਸਮਾਪਤ

ਰੁਬਾਈ

ਸੁਰਜੀਤ ਸਿੰਘ ਮਸ਼ੀਨਮੈਨ

ਸਤਿਗੁਰ ਅਗੇ ਕਰੇ ਬੇਨਤੀ, 'ਪ੍ਰੈਸਮੈਨ' ਸੁਰਜੀਤ।
'ਸਤਿਜੁਗ' ਦੀ ਸੇਵਾ ਰਹਾਂ ਕਰਦਾ, ਹੋਕੇ ਮੈਂ ਨਿਰਭੀਤ।
ਸੇਵਾ ਦਾ ਮੈਨੂੰ ਬਲ ਬਖਸ਼ੋ, ਮਿਹਰਬਾਨ ਗੁਰ ਮੇਰੇ;
ਕਦੇ ਨ ਬਿਸਰਹੁ ਹੀਐ ਮੇਰੇ ਤੇ, ਮੇਰੇ ਗੁਰ ਜਗਜੀਤ।

ਹਰਬੰਸ ਸਿੰਘ (ਬਿਲੂ) ਮੈਨੇਜਰ ਸਤਿਜੁਗ

'ਹਰਬੰਸ 'ਬਿਲੂ' ਦੀ ਏਹੋ ਇਛਾ, 'ਸਤਿਜੁਗ' ਸਿਖਰਾਂ ਛੋਹਵੇ।
ਸਤਿਜੁਗ ਦੀ ਸੰਪਤੀ ਵਿਚ ਵਾਧਾ, ਪਲ ਪਲ ਦੇ ਵਿਚ ਹੋਵੇ।
ਗਾਹਕਾਂ ਦੀ ਗਿਣਤੀ ਨੂੰ ਤਕ ਤਕ, ਖੀਵਾ ਹੋ ਹੋ ਜਾਵਾਂ;
'ਸਤਿਜੁਗ' ਦਾ ਕੋਈ ਵੀ ਕਾਰਜ, ਸਤਿਗੁਰ ਨਾ ਖਲੋਵੇ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਮਾਤਾ ਜੀਵਨ ਕੌਰ ਜੀ ਦੇ ਅੰਤਮ ਦਰਸ਼ਨ



ਪਿਛਲੇ ਪਾਸੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਉਨਾਂ ਦੇ ਸਜੇ ਪਾਸੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਖਬੇ ਚਕਰਵਰਤੀ ਜੀ

Sri Satguru Jagjit Singh Ji Elibrary NamdhariElibrary@gmail.com

੧੭ ਕਤਕ ਸੰਮਤ ੧੯੮੪ ਬਿਕ੍ਰਮੀ ਅਨੁਸਾਰ ੨ ਨਵੰਬਰ ੧੯੨੭

ਸਤਿਜੁਗ ਅਖਬਾਰ ਤੋਂ ਮੈਂ ਜਾਵਾਂ ਬਲਿਹਾਰ

—ਵਲੋਂ ਸੰਤ ਤਰਨ ਸਿੰਘ ਜੀ ਵਹਿਮੀ ਹਿੰਦੂ ਚਕ)

ਕਬਿਤ:— ਸਤਿਜੁਗ ਅਖਬਾਰ ਤੋਂ ਮੈਂ ਜਾਵਾਂ ਬਲਿਹਾਰ,ਉਪਮਾ ਉਚਾਰ ਏਹਦੀ ਕੁਝ ਮੈਂ ਸੁਨਾਵਨਾਂ।
ਦਸਦਾ ਹੈ ਪਤੇ ਗੁਰਮਤੇ ਸਾਰੇ ਮੇਲਿਆਂ ਦੇ, ਇਸਦੇ ਸਹਾਇਕਾਂ ਦੇ ਵਾਰੇ ਵਾਰੇ ਜਾਵਨਾਂ।
ਸਤਿਸੰਗ ਦੇ ਸੁਨੇਹੇ ਭੇਜਦਾ ਹੈ ਦੂਰ ਦੂਰ, ਲੋੜ ਥੋੜ ਸੰਸਾਰ ਦੀ ਘਰੇ ਸੁਣ ਪਾਵਨਾਂ।
ਗੁਰੂ ਰਾਮ ਸਿੰਘ ਜੀ ਕੇ ਨਾਮ ਕੀ ਕਲਾਮ ਕਥਾ, ਵੀਰਜੀ ਜ਼ਰੂਰ ਤੁਸਾਂ ਸੁਨਨਾ ਸੁਨਾਵਨਾ।
ਵਿਦਿਆ ਵਿਚਾਰੀ ਦਾ ਨਤੀਜਾ ਪਰਉਪਕਾਰੀ, ਕੁਲ ਨਰ ਨਾਰੀ ਨਾਮਧਾਰੀ ਸਾਰੇ ਜਾਣਦੇ।
ਗੁਨਵਾਨਾਂ ਲੇਖਕਾਂ ਦੀ ਮੈਂ ਹਮਾਂ ਕੀ ਬਖਾਨਾਂ ਮੂੰਹੋ ਹੰਸਾਂ ਦੇ ਸਮਾਨ ਜਿਹੜੇ ਦੁਧ ਪਾਣੀ ਛਾਣਦੇ,
ਕਰੇ ਪਰਚਾਰ ਸਤਿਜੁਗ ਅਖਬਾਰ ਵਾਹਵਾ, ਚਾਤਰ ਕਵੀਸ਼ਰ ਹੈਂ ਕਵਿਤਾ ਬਖਾਨਦੇ।
ਵੇਨਤੀ ਹੈ ਮੇਰੀ ਅਖਬਾਰ ਕੇ ਦਿਦਾਰ ਭਲੋ, ਸੰਗਤਾਂ ਪਿਆਰੀਆਂ ਨੇ ਸੁਨਨਾ ਧਿਆਨ ਦੇ।
ਪੜ੍ਹ ਇਸ ਪਰਚੇ ਕੋ ਪਰਚੇ ਹੈ ਚਿਤ ਮੇਰਾ, ਸਾਧੂਓਂ ਕੇ ਪਰਚੇ ਕੀ ਚਰਚਾ ਚਲਾਈ ਹੈ।
ਹਰ ਇਕ ਪਰਚੇ ਮੇਂ ਰਾਮ ਕਾ ਹੈ ਨਾਮ ਪਹਿਲੇ, ਗੁਰੂ ਰਾਮ ਸਿੰਘ ਜੀ ਕੀ ਕਵਿਤਾ ਲਖਾਈ ਹੈ।
ਸਤਿਜੁਗ ਨਾਮ ਇਨ ਸਤਿਜੁਗੀ ਲੱਛਨੋਂ ਸੇ, ਸਤਜੁਗੀ ਰਹਿਤ ਗੀਤ ਖੂਬ ਪਰਗਟਾਈ ਹੈ।
ਗੁਰੂ ਰਾਮ ਸਿੰਘ ਜੀ ਕੇ ਨਾਮ ਦੀ ਵਡਾਈ ਹੇਤ, ਮੇਰੇ ਜੇਹੇ ਵੈਹਮੀ ਨੇ ਵੀ ਕਲਮ ਉਠਾਈ ਹੈ।

ਦੋਹਰਾ

ਮੰਗਲ ਜਿਸ ਅਖਬਾਰ ਦਾ ਖਾਸ ਐਡੀਟਰ ਆਪ, ਛੀਜ ਅਮੰਗਲ ਜਾਤ ਸਭ ਸਤਿਗੁਰ ਕੇ ਪ੍ਰਤਾਪ।
ਸਤਿਜੁਗ ਦਾ ਫੇਰ ਪਰਚਾਰ ਕੀਤਾ ਰਾਖਾ ਆਪਦਾ ਸ੍ਰੀ ਭਗਵਾਨ ਹੋਵੇ।
ਤੇਰਾ ਜਸ ਫੈਲੇ ਜੁਗ ਚਾਰ ਅੰਦਰ, ਉਚੀ ਵਿਚ ਸੰਸਾਰ ਦੇ ਸ਼ਾਨ ਹੋਵੇ।
ਖਿੜਯਾ ਰਹੇ ਗੁਲਜ਼ਾਰ ਬਹਾਰ ਹਰ ਦਮ, ਸਦਾ ਬੁਲਬੁਲਾਂ ਦਾ ਔਣ ਜਾਣ ਹੋਵੇ।
ਭਰੇ ਜੌਹਰ ਦੀ ਕਲਮ ਵਗਾਈ ਚਲ ਤੂੰ, ਕੁਲ ਜਗਤ ਤੇਰਾ ਕਦਰਦਾਨ ਹੋਵੇ।
ਕਲੂਕਾਲ ਨੇ ਆਣ ਦਬਾ ਲਏ ਸਾਂ, ਸਤਿਜੁਗ ਸੀ ਮੁਖ ਛੁਪਾ ਬੈਠਾ।
ਮੰਗਲ ਸਿੰਘ ਮੁਬਾਰਕਾਂ ਲਖ ਤੈਨੂੰ, ਬੀੜਾ ਪੰਥ ਦਾ ਸੀਸ ਉਠਾ ਵੈਠਾ।

ਰੁਬਾਈ:—

ਵਲੋਂ—ਆਤਮਾ ਸਿੰਘ ਜਟ

ਆਤਮਾ ਸਿੰਘ ਦੀ ਕਹੇ ਆਤਮਾ, ਸਤਿਜੁਗ ਅੰਕ ਛਪਾਵਾਂ।
ਲੇਖਾਂ ਦੇ ਮੈਂ ਹਾਰ ਪਰੋਕੇ, ਗਾਹਕਾਂ ਹਥ ਫੜਾਵਾਂ।
ਕਵਿਤਾਂ ਦੀਆਂ ਕਲੀਆਂ ਦੀਆਂ ਮਹਿਕਾਂ, ਗਾਹਕਾਂ ਨੂੰ ਮਹਿਕਾਵਣ,
ਗ੍ਰਾਹਕਾਂ ਦੇ ਮਨ ਅੰਕ ਲੁਭਾਵੇ, ਐਸੀ ਸੇਵ ਕਮਾਵਾਂ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਮਾਤਾ ਜੀਵਨ ਕੌਰ ਜੀ ਦੇ ਭੋਗ ਪੈਣ ਵਾਲੇ ਮੇਲੇ ਤੇ ਆਏ ਸ਼ਰਧਾਲੂ ਸ੍ਰੀ ਸਤਿਗੁਰੂ ਪ੍ਰਤਾਪ ਸਿਘ ਜੀ ਸਮੇਤ,
ਖਬੇ ਤੋਂ ਸਜੇ ੧. ਮਹਾਰਾਜਾ ਫਰੀਦਕੋਟ ਦੇ ਪ੍ਰਤਿਨਿਧ ਸ੍ਰਦਾਰ ਜੀ ੨. ਗਿਆਨੀ ਕਰਤਾਰ ਸਿੰਘ ਜੀ (ਸਾਬਕ ਮੰਤ੍ਰੀ ਪੰਜਾਬ ਸਰਕਾਰ)
੩. ਪਿਛੇ ਬੈਠੇ ਗਿ: ਤੇਜਾ ਸਿੰਘ ਜੀ ਨਿਰਮਲੇ ੪. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ੫. ਪਿਛੇ ਐਨਕਾਂ ਵਾਲੇ ਸ੍ਰ ਸਰਮੁਖ ਸਿੰਘ ਜੀ
ਚਮਕ ੬. ਇਕ ਹੋਰ ਸਜਨ ੭. ਲਾਲਾ ਖੁਸ਼ਾਲ ਚੰਦ ਜੀ ਮਾਲਿਕ ''ਮਿਲਾਪ'' ਅਖਬਾਰ ੮. ਪਿਛੇ ਬੈਠੇ ਸ੍ਰੀ ਭਗਤਰਾਮ ਜੀ
ਉਦਾਸੀ ੯. ਬਾਵਾ ਗੁਰਮੁਖ ਸਿੰਘ ਜੀ ਅੰਮ੍ਰਿਤਸਰ ।

ਉਪਰੋਕਤ ਮੇਲੇ ਤੇ ਦੂਸਰੇ ਦੀਵਾਨ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਹੋਰ ਸਜਨ ।
ਖਬੇ ਤੋਂ ਸਜੇ : ੧. ਸੰਤ ਨਿਧਾਨ ਸਿੰਘ ਜੀ ਆਲਿਮ ੨ ਸੰਤ ਬਹਾਦਰ ਸਿੰਘ ਜੀ ੩. ਪਿਛੇ ਚੌਰੀ ਕਰਦੇ ਹੋਏ ਜਥੇ:
ਅਤਰ ਸਿੰਘ ਜੀ ੪. ਸ੍ਰ· ਸੰਪੂਰਨ ਸਿੰਘ ਜੀ ਐਮ.ਐਲ.ਏ. ਲਾਇਲਪੁਰ ੫. ਸ੍ਰੀ ਸਤਿਗੁਰੂ ਜੀ ੬. ਸੰਤ ਪ੍ਰੀਤਮ ਸਿੰਘ ਜੀ ਚੇਲੇਕੇ
੭. ਸੂਬਾ ਵਰਿਆਮ ਸਿੰਘ ਜੀ ੮. ਮਾਸਟਰ ਬਲਵੰਤ ਸਿੰਘ ਜੀ ੯. ਸੰਤ ਭਾਨ ਸਿੰਘ ਜੀ ਕੁਕਰੀ (ਨਿਰਮਲੇ ਮਹਾਤਮਾ)
... ਤੇਜਾ ਸਿੰਘ ਜੀ ੧੧ ਸੰਤ ਇੰਦ੍ਰ ਸਿੰਘ ਜੀ ਚਕਰਵਰਤੀ ।

Sri Satguru Jagjit Singh Ji Elibrary NamdhariElibrary@gmail.com

ਆਏ ਪਰ ਸਤਿਗੁਰ ਜੀ ਨੂੰ ਪੁਸ਼ਪ ਮਾਲਾ ਭੇਟ ਕਰਕੇ ਧੀਮੀ ਆਵਾਜ਼ ਵਿਚ ਆਪਣੇ ਦਿਲ ਦੇ ਵਲਵਲੇ ਪੇਸ਼ ਕਰ ਗਏ।

ਇਹਨਾਂ ਤੋਂ ਬਾਦ ਸਕਤਰ ਜੀ ਨੇ ਅੰਗਰੇਜ਼ੀ ਵਿਚ ਤਕਰੀਰ ਕੀਤੀ ਜਿਸ ਦਾ ਮੁਖ ਮੰਤਵ ਨਾਮ-ਧਾਰੀ ਪੰਥ ਦੀ ਜਾਣਕਾਰੀ ਅਤੇ ਸਾਡੇ ਸਤਿਗੁਰੂਆਂ ਦਾ ਉਦੇਸ਼ ਖਾਸ ਕਰਕੇ ਇਹ ਦਸਿਆ ਕਿ ਭਾਵੇਂ ਅੰਗਰੇਜ਼ ਕੌਮ ਨਾਲ ਸਾਡਾ ਸ਼ੁਰੂ ਤੋਂ ਵਿਵਾਦ ਰਿਹਾ ਹੈ ਲੇਕਿਨ ਹੁਣ ਸਾਡੇ ਗੁਰੂਆਂ ਦੀ ਛਤਰ ਛਾਇਆ ਹੇਠ ਅਸੀਂ ਪਿਆਰ ਅਤੇ ਅਮਨ ਦੇ ਪ੍ਰਤੀਕ ਹਾਂ। ਅਤੇ ਜੋ ਸਵਦੇਸ਼ੀ ਅਤੇ ਮਿਲਵਰਤਨ ਦੀ ਮੂਵਮੈਂਟ ਗਾਂਧੀ ਜੀ ਨੇ ਚਲਾਈ ਸੀ, ਓਹ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਇਜਾਦ ਕੀਤੀ ਸੀ ਅਤੇ ਜੇ ਗਾਂਧੀ ਜੀ ਨੂੰ ਕੌਮ ਦਾ ਪਿਤਾ ਮੰਨਿਆ ਜਾਂਦਾ ਹੈ ਤਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਹਿੰਦੁਸਤਾਨ ਦਾ ਬਾਬਾ ਮੰਨਣਾ ਚਾਹੀਦਾ ਹੈ। ਇਹ ਤਕਰੀਰ ਖਾਸ ਕਰਕੇ ਅੰਗਰੇਜ਼ੀ ਮਹਿ-ਮਾਨਾਂ ਅਤੇ ਲਾਰਡ ਮੇਅਰ ਅਤੇ ਮਿਸਿਜ਼ ਮੇਅਰ ਦੇ ਗਿਆਨ ਵਾਸਤੇ ਸੀ।

ਲਾਰਡ ਮੇਅਰ ਜੀ ਨੇ ਅਪਣੀ ਤਕਰੀਰ ਸ੍ਰੀ ਸਤਿਗੁਰੂ ਜੀ ਨੂੰ ਹਾਰ ਪਹਿਨੌਣ ਬਾਦ, ਸੰਬੋਧਨ ਕਰਦਿਆਂ ਆਪਣੀ ਬੇਹਦ ਖੁਸ਼ੀ ਪਰਗਟ ਕੀਤੀ ਅਤੇ ਆਖਿਆ ਕਿ ਇਸੇ ਹੀ ਤਰ੍ਹਾਂ ਜੇ ਅਸੀਂ ਰਲ ਮਿਲਕੇ ਬੈਠਾਂਗੇ ਤਾਂ ਸਾਡੀਆਂ ਆਪਸੀ ਖਿਚੋਤਾਣਾਂ ਦੂਰ ਹੋਣਗੀਆਂ। ਇਸ ਸਮਾਗਮ ਦੀ ਕਾਮਯਾਬੀ ਵਾਸਤੇ ਆਪਣੀ ਪਤਨੀ ਅਤੇ ਆਪਣੇ ਵਲੋਂ ਦੁਆ ਕਰਕੇ ਉਹਨਾਂ ਆਪਣੀ ਸਪੀਚ ਸਮਾਪਤ ਕੀਤੀ।

ਇਸ ਤੋਂ ਬਾਦ, ਇਸ ਜੋੜੇ ਨੂੰ ਨਾਮਧਾਰੀ ਪੁਸਤਕਾਂ ਅਤੇ ਮਾਲਾ ਭੇਟ ਕੀਤੀਆਂ ਗਈਆਂ ਜੋ ਉਨਾਂ ਬੜੀ ਅਧੀਨਗੀ ਨਾਲ ਪਰਵਾਨ ਕੀਤੀਆਂ।

ਜੋ ਜੋ ਬੁਲਾਰੇ ਇਸਤੋਂ ਬਾਦ ਆਏ। ਓਹ ਸਨ:—

ਸ੍ਰ. ਪ੍ਰੇਮ ਸਿੰਘ ਕਲਸੀ ਸਾਬਕਾ ਕੌਂਸਲਰ

ਸ੍ਰ. ਸਰਦੂਲ ਸਿੰਘ ਮਰਵਾਹਾ ਕੌਂਸਲਰ

ਸਹਾਇਕ ਹਾਈ ਕਮਿਸ਼ਨਰ ਭਾਰਤ ਸ੍ਰੀ ਦੇਵ ਕੋਹਲੀ।

ਸ੍ਰ. ਦਰਸ਼ਨ ਸਿੰਘ ਭੋਗਲ ਜੇ. ਪੀ:(ਜਸਟਿਸ ਆਫ ਪੀਸ)

ਡਾ. ਹਰਭਜਨ ਸਿੰਘ ਜੀ

ਸ੍ਰੀ ਹਰਵਿੰਦਰ ਸਿੰਘ ਪ੍ਰਧਾਨ ਗੁਰਦਵਾਰਾ ਫੋਰੈਸਟਗੇਟ।

ਚੰਨਣ ਸਿੰਘ ਚੰਨ

ਜਸਪਾਲ ਸਿੰਘ ਭੰਵਰਾ ਸਕਤ੍ਰ ਰਾਮਗੜ੍ਹੀਆ ਸਭਾ ਸਾਊਥਾਲ

ਸ੍ਰ. ਅਮਰ ਸਿੰਘ ਪ੍ਰਧਾਨ ਰਵਿਦਾਸ ਗੁਰਦਵਾਰਾ

ਸ੍ਰ. ਬਲਦੇਵ ਸਿੰਘ ਜੀ ਉਭੀ ਅਤੇ ਸ੍ਰ. ਰਤਨ ਸਿੰਘ ਜੀ ਰਾਮਗੜ੍ਹੀਆ ਗੁਰਦਵਾਰਾ ਸਮਾਲਹੀਥ

ਸ੍ਰ. ਕ੍ਰਿਪਾਲ ਸਿੰਘ ਭੰਵਰਾ ਸਕੱਤਰ ਰਾਮਗ-ੜ੍ਹੀਆ ਸਭਾ ਬਰਮਿੰਘਮ

ਸ੍ਰ. ਸੋਹਣ ਸਿੰਘ ਚੱਗਰ ਰਾਧਾ ਸਵਾਮੀ ਸਤਿ-ਸੰਗ ਵਲੋਂ

ਸ੍ਰ. ਜੋਗਾ ਸਿੰਘ ਜੀ ਸਚਖੰਡ ਨਾਨਕ ਧਾਮ

ਸੂਬਾ ਰੇਸ਼ਮ ਸਿੰਘ ਕਨੇਡਾ

ਸੂਬਾ ਸਤਿਨਾਮ ਸਿੰਘ ਜੀ ਕੇਨੀਆ

ਸੂਬਾ ਸਤਿਨਾਮ ਸਿੰਘ ਜੀ ਲਖਨਊ

ਸ੍ਰੀ ਜਗਦੀਸ਼ ਸਿੰਘ ਜੀ ਸੰਪਾਦਕ ਵਰਿਆਮ

ਸ੍ਰੀ ਹਰਵਿੰਦਰ ਜੀ ਹੰਸਪਾਲ ਐਮ. ਪੀ.

ਰੁਬਾਈ:—

ਸੰਤਾਂ ਦੀਆਂ ਨੇ ਗੁਝੀਆਂ ਰਮਜ਼ਾਂ ਵਿਰਲਾ ਕੋਈ ਜਾਣੇ।
ਜਿਸਨੂੰ ਛੁਹ ਪ੍ਰਾਪਤ ਹੋਵੇ, ਜੀਵਨ ਓਹੋ ਮਾਣੇ।
ਬਿਨ ਛੁਹ ਤੋਂ ਅਸੀਂ ਊਣੇ ਫਿਰੀਏ, ਦਰ ਦਰ ਠੇਡੇ ਖਾਂਦੇ;
ਸੰਤ ਮਿਲਣ ਮਨ ਸ਼ਾਂਤ ਹੋਂਵਦਾ, ਖੁਸ਼ੀ ਰਹੀਏ ਵਿਚ ਭਾਣੇ।

ਸੰਤ ਏਕਮ ਸਿੰਘ ਜੀ ਸੌਂਦ
ਪ੍ਰਧਾਨ ਨਾਮਧਾਰੀ ਸੰਗਤ ਬਰਮਿੰਘਮ ਅਤੇ ਹੋਲਾ ਕਮੇਟੀ

ਪ੍ਰੀਤਮ ਸਿੰਘ ਜੀ ਰੀਹਲ
ਪ੍ਰਧਾਨ ਲੰਡਨ ਅਤੇ ਨਾਮਧਾਰੀ ਸੰਗਤ ਯੂ. ਕੇ.

ਸੰਤ ਹਰਜਿੰਦਰ ਸਿੰਘ ਜੀ ਕੰਵਲ
ਸਟੇਜ ਸਕੱਤਰ

Sri Satguru Jagjit Singh Ji Elibrary NamdhariElibrary@gmail.com

ਸੰਤ ਹਰੀ ਸਿੰਘ ਜੀ ਭੋਗਲ "ਲੀਡਜ਼'
ਮੀਤ ਪ੍ਰਧਾਨ ਨਾਮਧਾਰੀ ਹੋਲਾ ਕਮੇਟੀ

ਸੰਤ ਤਾਰਾ ਸਿੰਘ ਜੀ
ਮੀਤ ਪ੍ਰਧਾਨ ਨਾਮਧਾਰੀ ਸੰਗਤ ਬਰਮਿੰਘਮ

ਸੰਤ ਰਾਜਿੰਦਰ ਸਿੰਘ ਜੀ ਚਾਨਾ
ਸਕੱਤਰ ਹੋਲਾ ਕਮੇਟੀ ਅਤੇ ਨਾਮਧਾਰੀ ਸੰਗਤ ਯੂ. ਕੇ.

ਸੰਤ ਸੁਰਜੀਤ ਸਿੰਘ ਜੀ ਚਾਂਨਾ
ਖਜ਼ਾਨਚੀ ਹੋਲਾ ਕਮੇਟੀ

Sri Satguru Jagjit Singh Ji Elibrary NamdhariElibrary@gmail.com

ਹੋਲਾ ਪੂਰਬ ਉਤੇ ਸਿੱਖ ਵਿਰਸਾ ਪ੍ਰਦਰਸ਼ਨੀ

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ ... ਭੈਣੀ ਸਾਹਿਬ

ਹ. ਸ. [illegible]

ਬਰਤਾਨੀਆਂ ਦੇ ਇਤਿਹਾਸ ਵਿਚ ਪਹਿਲੀ ਵਾਰੀ ਅਤੇ ਨਾਮਧਾਰੀ ਇਤਿਹਾਸ ਵਿਚ ਵੀ ਪਹਿਲੀ ਵਾਰੀ, ਅਪ੍ਰੈਲ ਦੇ ਮਹੀਨੇ, ਨਾਮਧਾਰੀ ਹੋਲਾ ਮਹੱਲਾ, ਅੰਤਰਰਾਸ਼ਟਰੀ ਸਮਾਗਮ, ਸਤਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ, ਬ੍ਰਮਿੰਘਮ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਪੱਧਰ ਦੇ ਸਮਾਗਮ ਦੀ ਤਿਆਰੀ ਬੜੀ ਦੇਰ ਤੋਂ ਬੜੇ ਚਾਅ ਨਾਲ ਹੋ ਰਹੀ ਸੀ। ਸੰਸਾਰ ਭਰ ਚੋਂ ਨਾਮਧਾਰੀ ਸੰਗਤਾਂ ਹੁਮ ਹੁਮਾਕੇ ਬ੍ਰਮਿੰਘਮ ਦੇ ਹੈਡਜ਼ਵਰਥ ਇਲਾਕੇ ਵਿਚ ਹੋਈ ਹੈਡ ਕਮਿਊਨਿਟੀ ਸੈਂਟਰ ਦੀ ਨਵੀਂ ਬਣੀ ਵਿਸ਼ਾਲ ਬਿਲਡਿੰਗ ਵਿਚ, ਲਗ ਭਗ ਚਾਰ ਦਿਨ, ਕੀਰਤਨ ਕਥਾ ਸੰਗੀਤ ਦਰਬਾਰ, ਕਵੀ ਦਰਬਾਰ, ਸਤਿਗੁਰਾਂ ਦੇ ਪ੍ਰਵਚਨ, ਖੇਡ ਮੁਕਾਬਲੇ, ਵਿਚਾਰਾਂ, ਗੋਸ਼ਟੀਆਂ ਅਤੇ ਭਾਸ਼ਨ ਸਿਮਰਨ ਅਨੰਦ ਕਾਰਜ ਤੇ ਹੋਰ ਸ਼ੋਸ਼ਲ, ਧਾਰਮਿਕ ਕਾਰਜ ਹੁੰਦੇ ਰਹੇ। ਰੁਝੇ ਹੋਏ ਇਸ ਨਾਮਧਾਰੀ ਮਿਨੀ-ਵਿਸ਼ਵ ਵਿਚ ਇਕ ਲੰਮੇ ਕਮਰੇ ਵਿਚ 'ਸਿਖ ਵਿਰਸਾ' ਪ੍ਰਦਰਸ਼ਨੀ ਦਾ ਪ੍ਰਬੰਧ ਕੀਤਾ ਗਿਆ ਸੀ। ਇਹ ਪ੍ਰਬੰਧ ਕਵੈਂਟਰੀ ਦੇ ਵਿਖਿਆਤ ਸੰਗ੍ਰਹਿ-ਕਾਰ ਡਾ. ਚੰਨਣ ਸਿੰਘ 'ਚੰਨ' ਦੇ ਸੰਗ੍ਰਹਿ ਤੇ ਅਧਾਰਿਤ ਸੀ।

ਅਪ੍ਰੈਲ ਦੀ ਇਸ ਭਾਗਾਂ ਭਰੀ ਸੁਨਹਿਰੀ ਸ਼ਾਮ ਨੂੰ (ਸਚ ਮੁਚ ਸੁਨਹਿਰੀ ਕਿਉਂਕਿ ਹਮੇਸ਼ਾਂ ਵਾਂਗੂ ਅਜ ਮੀਂਹ ਨਹੀਂ ਸੀ ਪੈ ਰਿਹਾ ਸੂਰਜ ਚਮਕ ਰਿਹਾ ਸੀ ਸਮਾਗਮ ਦੀ ਗਹਿਮਾ ਗਹਿਮ ਅਤੇ ਚਮਕ ਦਮਕ ਅਥਵਾ ਰੌਣਕ ਸਿਖਰ ਉਤੇ ਸੀ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿਖ ਵਿਰਸਾ ਪ੍ਰਦਰਸ਼ਨੀ ਦਾ ਉਦਘਾਟਨ ਅਪਣੇ ਕਰ ਕਮਲਾਂ ਨਾਲ ਕੀਤਾ। ਇਕ ਦੈਵੀ ਮੁਸਕ੍ਰਾਹਟ ਵਿਚ ਸਰਸ਼ਾਰ ਸਤਿਗੁਰੂ ਜੀ ਪ੍ਰਦਰਸ਼ਨੀ ਭਵਨ ਵਿਚ ਪ੍ਰਵੇਸ਼ ਕਰਦੇ ਹਨ ਅਤੇ ਪ੍ਰਦਸ਼ਨ ਕਾਰ ਸਪਿਮਰ ਐਪਰ ਪੂਰੇ ਵਿਸ਼ਵਾਸ ਨਾਲ ਪ੍ਰਦਰਸ਼ਿਤ ਚਿਤਰ ਅਤੇ ਸਮੱਗਰੀ ਬਾਰੇ ਵਿਆਖਿਆ ਕਰਦਾ ਹੈ ਜੋ ਵੀਡੀਓ ਉਤੇ ਰਿਕਾਰਡ ਕੀਤੀ ਗਈ। ਇਸ ਦਾ ਸੰਖੇਪ ਰੂਪ ਏਥੇ ਦੇ ਰਹੇ ਹਾਂ।

ਪ੍ਰਦਰਸ਼ਨੀ ਦੇ ਪੰਜੀ ਸੈਕਸ਼ਨ ਸਨ। ਇਸ ਸਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗਦੀ ਨਸ਼ੀਨੀ ਦੀ ਸਿਲਵਰ ਜੁਬਲੀ ਹੈ। ਇਸ ਕਰਕੇ ਇਹ ਆਈਟਮ ਚਾਂਦੀ ਰੰਗੀਆਂ ਫਰੇਮਾਂ ਵਿਚ ਸ਼ਸ਼ੋਭਤ ਸੀ। ਜਿਸ ਸਲੀਕੇ ਨਾਲ ਇਹ ਸਜਾਏ ਹੋਏ ਸਨ, ਇਹ ਯੋਗ ਪ੍ਰਦਰਸ਼ਨੀ ਪ੍ਰਬੰਧ ਦੀ ਪ੍ਰਬੀਣਤਾ ਦਾ ਇਕ ਮੂੰਹ ਬੋਲਦਾ ਨਮੂਨਾ ਪੇਸ਼ ਕਰ ਰਹੇ ਸਨ।

ਪ੍ਰਦਰਸ਼ਨੀ ਦਾ ਪਹਿਲਾ ਸੈਕਸ਼ਨ ਨਾਮਧਾਰੀ ਇਤਿਹਾਸ ਚਿਤ੍ਰਾਵਲੀ ਬਾਰੇ ਸੀ। ਇਸ ਵਿਚ ਪ੍ਰਚਲਤ ਚਿਤਰ ਸਮੱਗਰੀ ਤੋਂ ਇਲਾਵਾ ਰੂਸ ਵਿਚੋਂ ਨਾਮਧਾਰੀ ਚਿਤਰਾਂ ਦੇ ਉਤਾਰੇ ਵੀ ਸ਼ਾਮਲ ਸਨ। ਸਾਨ ਫਰਾਂਸਿਸਕੋ ਤੋਂ ਪ੍ਰਕਾਸ਼ਤ ਹੁੰਦੇ ਗਦਰ ਗੂੰਜ ਪਤ੍ਰਿਕਾ ਦੇ ਪਹਿਲੇ ਇਸ਼ੂ ਜਿਸ ਵਿਚ ਆਜ਼ਾਦੀ ਦੇ ਸਮੂਹ ਪ੍ਰੇਰਨਾ ਸਰੋਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਭਲੀ ਭਾਂਤ ਸ਼ਰਧਾਂਜਲੀ ਅਰਪਤ ਕੀਤੀ ਹੋਈ ਹੈ। ਇਹ ਸੈਕਸ਼ਨ ਦਾ ਖਾਸ ਭਾਗ ਸੀ ਜਿਸ ਵਿਚ ਦਰਸ਼ਕਾਂ ਨੇ ਖਾਸ ਦਿਲਚਸਪੀ ਲਈ। ਇਸ ਭਾਗ ਦੇ ਉਤਾਰੇ ਹਰ ਥਾਂ ਭੇਜੇ ਗਏ ਸਨ, ਅਤੇ ਇਸ ਨੂੰ ਕਿਤਾਬੀ ਸ਼ਕਲ ਵਿਚ ਪ੍ਰਕਾਸ਼ਤ ਕਰਨ ਦਾ ਮਨਸੂਬਾ ਬਣਾਇਆ ਜਾ ਰਿਹਾ ਹੈ। ਸਤਿਗੁਰਾਂ ਨੇ ਹਰ ਇਕ ਆਈਟਮ ਨੂੰ ਬੜੇ ਧਿਆਨ ਨਾਲ ਦੇਖਿਆ ਅਤੇ ਪਟਿਆਲੇ ਦੇ ਚਿਤ੍ਰਕਾਰ ਸ੍ਰ. ਤ੍ਰਲੋਕ ਸਿੰਘ ਦੀ "ਅੰਮ੍ਰਿਤ ਬਾਣੀ" ਕਿਰਤ ਵਿਚ ਵਿਸ਼ੇਸ਼ ਦਿਲਚਸਪੀ ਦਿਖਾਈ। ਯਾਦ ਰਹੇ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ "ਪਹਿਲੇ ਪਿਆਰ ਲਗਾ ਥਨ ਦੁਧ" ਦੀ ਬਾਣੀ

ਸੋਈ ਨੇਤਿ ਫੁਰੀ ਆਦਿ ਸੰਮਤ ਬਹਤ੍ਰੇ ਮੇਂ,
ਮਾਘ ਸੁਦੀ ਪੰਚਮੀ ਸਵੇਰੇ ਗੁਰ ਵਾਰ ਕੇ।
ਜਿਲੇ ਲੁਦਿਹਾਣੇ ਗਾਮ ਭੈਣੀ ਨਾਮ ਜਾਣੇ ਆਮ,
ਅਵਤਰੇ ਸਿੰਘ ਰਾਮ ਕਲਮਲੌਂ ਟਾਰ ਕੇ।

(ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਜੀ)

ਦੇਸ਼ ਵਿਚ ਅਸਹਿਯੋਗ ਆਂਦੋਲਨ ਮਹਾਂਤਮਾ ਗਾਂਧੀ ਜੀ,
ਨੇ ਜੋ ਇਤਨਾਂ ਪ੍ਰਭਾਵਸ਼ਾਲੀ ਚਲਾਇਆ ਹੈ, ਸਤਿਗੁਰੂ
ਰਾਮ ਸਿੰਘ ਜੀ ਨੇ ਇਸ ਨੂੰ ਪੰਜਾਹ ਸਾਲ ਪਹਿਲਾਂ ਹੀ
ਨਾਮਧਾਰੀ ਸਿੰਘਾਂ ਵਿਚ ਪ੍ਰਚਲਿਤ ਕਰ ਦਿਤਾ ਸੀ।

(ਡਾ: ਰਾਜੇਂਦ੍ਰ ਪ੍ਰਸ਼ਾਦ 'ਸਤਿਜੁਗ' ਮਾਘ ੧੯੯੨)

ਕਾਂਗ੍ਰਸ ਨੇ ਆਪ ਦੇ (ਸਤਿਗੁਰੂ ਰਾਮ ਸਿੰਘ ਜੀ ਦੇ) ਦਿਖਾਏ ਹੋਏ
ਰਸ਼ਤੇ ਨੂੰ ਪ੍ਰਵਾਨ ਕਰਕੇ ਹੀ ਸਫਲਤਾ ਪ੍ਰਾਪਤ ਕੀਤੀਆਂ ਹਨ।
ਲਗ ਪਗ ੭੪ ਸਾਲ ਲੰਘ ਜਾਣ ਤੇ ਭੀ ਆਪਦਾ ਦਸਿਆ
ਹੋਇਆ ਕਾਰਯਕ੍ਰਮ ਪੁਰਾਨਾ ਨਹੀ ਹੋਇਆ।

(ਪੰ: ਜਵਾਹਰ ਲਾਲ ਨਹਿਰੂ 'ਸਤਿਜੁਗ' ਮਾਘ ੧੯੯੫)

I see in the earlier papers that Ram Singh was looked upon as a successor or actual re-embodiment of Guru Nanak, the saint. He is now the representative of Govind, the Warrier.

(J. W. Macnabb, Commissioner, Ambala. 4-11-1871)

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com